# ਸਾਂਝੀ ਵਿਰਾਸਤ

ਜਿਲਦ 3 ਅੰਕ 32 2024 1-ਭਾਦੋਂ (16-ਅਗੱਸਤ)



ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

© SanjhiVirasat.org

## ਵਿਸ਼ਾ ਸੂਚੀ

(1-ਭਾਦੋਂ / 16-ਅਗੱਸਤ 2024 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸੰਖੇਪ ਸਿੱਖਿਆ | ਡਾ. ਸਰਦਾਰ ਸੁਖਮੰਦਰ ਸਿੰਘ ਅਤੇ ਡਾ. ਸਰਦਾਰ ਕਾਬਲ ਸਿੰਘ | 8 |
| 5. | ਕੀਰਤਨੁ ਨਿਰਮੋਲਕੁ ਹੀਰਾ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 10 |
| 6. | ਗੁਰਬਾਣੀ ਵਿਚ ਵਰਤੇ ਕੁਝ ਮੁਹਾਵਰੇ: ਭਾਗ-2 | ਡਾ. ਸਰਦਾਰ ਕਾਬਲ ਸਿੰਘ | 12 |
| 7. | ਕਿਹੜੀ ਕਲਮ ਦੇ ਨਾਲ ਤੈਨੂੰ ਪੈਗਾਮ ਲਿਖਾਂ ਮੈਂ? | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 15 |
| 8. | ਮਰਦ ਅਗੰਮੜਾ | ਸਰਦਾਰ ਜਗਬੀਰ ਸਿੰਘ ਕੋਹਲੀ | 16 |
| 9. | ਗੁਰੂ ਦਾ ਪੂਰਨ ਸਿੰਘ | ਸਰਦਾਰ ਗੁਰਭਜਨ ਸਿੰਘ ਗਿੱਲ | 17 |
| 10. | ਸੰਤ ਸਿਪਾਹੀ - ਭਾਈ ਮਹਾਰਾਜ ਸਿੰਘ | ਸਰਦਾਰਨੀ ਨਰਿੰਦਰ ਕੌਰ | 19 |
| 11. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਰਦਾਰ ਰਣਸ਼ੇਰ ਰਾਜ ਸਿੰਘ | 20 |
| 12. | ਆਦਿ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ | ਡਾ. ਸਰਦਾਰ ਸੁਰਜੀਤ ਸਿੰਘ ਭੱਟੀ | 25 |
| 13. | ਭਾਈ ਕਾਨ੍ਹ ਸਿੰਘ ਨਾਭਾ | ਡਾ. ਸਰਦਾਰ ਰਾਜਾ ਬਲਰਾਜ ਸਿੰਘ | 27 |
| 14. | ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ | ਸਰਦਾਰ ਜਸਵਿੰਦਰ ਸਿੰਘ ਰੁਪਾਲ | 28 |
| 15. | ਮਾਂ ਬੋਲੀ ਪੰਜਾਬੀ ਸਾਡੀ ਸ਼ਾਨ | ਸਰਦਾਰਨੀ ਸੁਰਜੀਤ ਕੌਰ ਸਾਰੰਗ | 31 |
| 16. | ਪੰਜਾਬੀ ਵਿਆਕਰਣ ਦੇ ਕੁਝ ਨਿਯਮ | ਇੱਕ ਗੁਰਮੁਖ ਸਿੰਘ ਸਾਹਿਬ | 32 |
| 17. | ਇਹ ਦੁਨੀਆਂ ਬੜੀ ਕਮਾਲ ਜੋਗੀਆ | ਸਰਦਾਰ ਗੁਰਚਰਨ ਸਿੰਘ ਜੋਗੀ | 35 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 37 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

(1-ਭਾਦੋਂ / 16-ਅਗੱਸਤ 2024 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ ਦੇ ਪਹਿਲੇ ਪੰਜ ਮਹੀਨਿਆਂ (ਚੇਤ ਤੋਂ ਸਾਵਣ) ਵਿਚ ਹਰ ਮਹੀਨੇ ਦੇ 31 ਦਿਨ ਹੁੰਦੇ ਹਨ ਅਤੇ ਅਗਲੇ ਸੱਤ ਮਹੀਨਿਆਂ (ਭਾਦੋਂ ਤੋਂ ਫੱਗਣ) ਵਿਚ ਹਰ ਮਹੀਨੇ ਦੇ 30 ਦਿਨ ਹੁੰਦੇ ਹਨ। ਫੱਗਣ ਦੇ ਅਖੀਰ ਵਿਚ ਹਰ ਚਾਰ ਸਾਲਾਂ ਬਾਅਦ ਇੱਕ ਦਿਨ ਜੋੜਨ ਨਾਲ "ਲੀਪ ਵਰ੍ਹੇ" ਦੇ (Common Era or Gregorian Era ਵਾਂਗ) 366 ਦਿਨ ਹੋ ਜਾਂਦੇ ਹਨ। ਭਾਦੋਂ ਦਾ ਮਹੀਨਾ 16 ਅਗੱਸਤ ਤੋਂ ਸ਼ੁਰੂ ਹੁੰਦਾ ਹੈ। ਸੂਰਜੀ ਅਧਾਰਿਤ ਇਹ ਕੈਲੰਡਰ ਪ੍ਰਚਲਿਤ ਅੰਗਰੇਜ਼ੀ ਸਾਲ (CE) ਨਾਲ ਮੇਲ ਖਾਂਦਾ ਹੈ। ਇਸ ਵਿਚ ਸਾਰੇ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਹਮੇਸ਼ਾਂ ਨਿਸ਼ਚਿਤ ਰਹਿੰਦੀਆਂ ਹਨ।

15 ਭਾਦੋਂ (30 ਅਗੱਸਤ 1604) ਵਾਲੇ ਦਿਨ ਗੁਰੂ ਅਰਜਨ ਸਾਹਿਬ ਦੀ ਅਗਵਾਈ ਵਿਚ ਭਾਈ ਗੁਰਦਾਸ ਜੀ ਨੇ 'ਆਦਿ ਪੋਥੀ ਸਾਹਿਬ' ਦੀ ਲਿਖਾਈ ਦਾ ਮਹਾਨ ਕਾਰਜ ਸੰਪੂਰਨ ਕੀਤਾ ਸੀ। ਪਹਿਲੀ ਸਤੰਬਰ 1604 ਨੂੰ ਇਸ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਚ ਗੁਰੂ ਅਰਜਨ ਸਾਹਿਬ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਤੇ ਸਦੀਵੀ ਗੁਰੂ ਦਾ ਦਰਜਾ ਦਿੱਤਾ। ਗੁਰੂ ਨਾਨਕ ਸਾਹਿਬ ਦਾ ਵਿਆਹ ਪੁਰਬ ਵੀ 15 ਭਾਦੋਂ ਨੂੰ ਮਨਾਇਆ ਜਾਂਦਾ ਹੈ।

ਅਗੱਸਤ ਦੇ ਮਹੀਨੇ ਵਿਚ ਸਭ ਤੋਂ ਦੁਖਦਾਈ ਘਟਨਾ ਜੋ ਸੰਸਾਰ ਵਿਚ ਵਰਤੀ ਉਹ ਸੀ ਜਾਪਾਨ ਦੇ ਦੋ ਸ਼ਹਿਰਾਂ ਉਤੇ ਸੁੱਟੇ ਗਏ ਪਹਿਲੇ ਦੋ ਐਟਮੀ ਬੰਬ। ਅਗੱਸਤ 1945 ਵਿਚ 6 ਤਾਰੀਖ ਨੂੰ ਜਾਪਾਨ ਦੇ ਹਿਰੋਸ਼ਿਮਾ ਉਤੇ ਅਤੇ 9 ਤਾਰੀਖ ਨੂੰ ਨਾਗਾਸਾਕੀ ਉਤੇ ਅਮਰੀਕਾ ਨੇ ਐਟਮ ਬੰਬ ਸੁਟੇ। ਇਸ ਦੇ ਨਤੀਜੇ ਵਜੋਂ ਲੱਖਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ, ਜਾਪਾਨ ਨੇ 15 ਅਗੱਸਤ ਨੂੰ ਸਮਰਪਣ ਕਰ ਦਿਤਾ ਅਤੇ ਦੂਸਰਾ ਵਿਸ਼ਵ ਯੁੱਧ ਖਤਮ ਹੋ ਗਿਆ। ਸਨ 2009 ਤੋਂ ਯੁਨਾਈਟਿਡ ਨੇਸ਼ਨਸ (United Nations) ਵਲੋਂ 29 ਅਗੱਸਤ ਨੂੰ ਹਰ ਸਾਲ ਐਟਮੀ ਤਜਰਬਿਆਂ ਵਿਰੁੱਧ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ।

ਭਾਰਤ 15 ਅਗਸਤ ਨੂੰ ਆਪਣਾ ਆਜ਼ਾਦੀ ਦਿਨ ਮਨਾਉਂਦਾ ਹੈ ਜਦੋਂ 1947 ਵਿਚ ਉਹ ਬ੍ਰਿਟੇਨ ਤੋਂ ਮੁਕਤ ਹੋਇਆ ਸੀ। ਇਸ ਦਿਨ ਪੰਜਾਬ ਅਤੇ ਬੰਗਾਲ ਦੋ ਹਿੱਸਿਆਂ ਵਿਚ ਵੰਡੇ ਗਏ ਸਨ। ਪੰਜਾਬ ਦੇ ਲੱਖਾਂ ਬੇਕਸੂਰ ਲੋਕ ਇਸ ਵੰਡ ਵਿਚ ਮਾਰੇ ਗਏ। ਅਗੱਸਤ 21 ਦਾ ਦਿਨ ਬਜ਼ੁਰਗਾਂ ਨੂੰ ਸਮਰਪਿਤ ਹੁੰਦਾ ਹੈ ਜਦੋਂ ਉਨ੍ਹਾਂ ਦੀਆਂ ਘਾਲਣਾਵਾਂ ਲਈ ਧੰਨਵਾਦ ਕੀਤਾ ਜਾਂਦਾ ਹੈ।

ਮੁੱਖ ਸੰਪਾਦਕ
ਸਾਂਝੀ ਵਿਰਾਸਤ (sanjhivirasat.org)
sanjhivirasat13@gmail.com

ਭਾਦਉ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ {ਪੰਨਾ 1108}

ਮਨੁੱਖ ਦੇ ਮਨ ਅਤੇ ਸਰੀਰ ਉੱਤੇ ਸਮੇ ਨਾਲ ਬਦਲਦੀਆਂ ਰੁੱਤਾਂ ਦਾ ਅਸਰ ਪੈਂਦਾ ਹੈ। ਬਰਸਾਤ ਦੇ ਸੁਹਾਵਣੇ ਮੌਸਮ ਵਿਚ ਸੰਸਾਰਕ ਖੁਸ਼ੀਆਂ ਤੇ ਰੰਗ ਤਮਾਸ਼ੇ ਮਨ ਨੂੰ ਭਾਉਂਦੇ ਹਨ। ਪਰ ਭਾਦੋਂ ਰੂਪੀ ਉਮਰ ਦੀ ਭਰ ਜੁਆਨੀ ਵਿਚ ਆਖਰ ਮਨੁੱਖ ਨੂੰ ਇਨ੍ਹਾਂ ਖੁਸ਼ੀਆਂ ਦੇ ਭਰਮ ਦਾ ਅਹਿਸਾਸ ਤੇ ਪਛਤਾਵਾ ਹੁੰਦਾ ਹੈ। ਬਰਸਾਤ ਦੇ ਵਰਸਣ ਨਾਲ ਆਲੇ ਦੁਆਲੇ ਜਲਥਲ ਦਾ ਵਾਤਾਵਰਣ ਖੁਸ਼ੀਆਂ ਮਾਣਨ ਦਾ ਹੋ ਜਾਦਾ ਹੈ ਪਰੰਤੂ ਪ੍ਰਭੂ ਪਤੀ ਨੂੰ ਵਿਸਾਰ ਕੇ ਜੀਵ ਇਸਤ੍ਰੀ ਵਿਆਕੁਲ ਹੁੰਦੀ ਹੈ। ਉਹ ਕਾਲੀ ਰਾਤ ਵਿਚ ਲਗਾਤਾਰ ਪੈਂਦੇ ਮੀਂਹ ਵਿਚ ਇਕੱਲੀ ਪ੍ਰਭੂ ਪਤੀ ਤੋਂ ਬਿਨਾ ਕਿਵੇਂ ਸੁਖੀ ਹੋ ਸਕਦੀ ਹੈ। ਡੱਡੂਆਂ ਤੇ ਮੋਰਾਂ ਦੀਆਂ ਆਵਾਜ਼ਾਂ ਨਾਲ ਪਪੀਹੇ ਦੀ ਪੀਊ ਪੀਊ ਮਨ ਵਿਚ ਪ੍ਰਭੂ ਵਿਛੋੜੇ ਦੀ ਕਸਕ ਪਾਉਂਦੀ ਹੈ। ਸੱਪਾਂ ਦੇ ਡੱਸਣ ਵਰਗੀ ਪੀੜ ਮਨ ਨੂੰ ਪੁੰਹਦੀ ਹੈ। ਭਾਦੋਂ ਰੂਪੀ ਉਮਰ ਦੇ ਸਮੇ ਵਿਚ ਪ੍ਰਭੂ ਵਿਛੋੜੇ ਦਾ ਦਰਦ ਮੱਛਰਾਂ ਦੇ ਢੰਗ ਵਰਗਾ ਦੁਖਦਾਈ ਹੁੰਦਾ ਹੈ। ਪ੍ਰਭੂ ਦੀ ਯਾਦ ਤੋਂ ਬਿਨਾ ਸੁਹਾਵਣੇ ਮੌਸਮ ਦੇ ਸੁੱਖ ਵੀ ਨਹੀਂ ਸੁਖਾਂਦੇ। ਪ੍ਰਭੂ ਵਿਛੋੜੇ ਦਾ ਦੁਖ ਦੂਰ ਕਰਨ ਲਈ ਆਪਣੇ ਗੁਰੂ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਸ ਦੇ ਨਾਲ ਜੀਵ ਦਾ ਪ੍ਰਭੂ ਵਲ ਜਾਣ ਦਾ ਹੌਂਸਲਾ ਬਣਦਾ ਹੈ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਝ ਮਹਲਾ 5
## ਭਾਦਰੋਂ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ॥

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥

ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥

### ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ
'ਨੂਰ', ਜਲੰਧਰ (ਭਾਰਤ)

ਭਾਦਰੋਂ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਨੂੰ ਇਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ।

"ਪਤੀ ਨੂੰ ਛੱਡ ਕੇ, ਕਿਸੇ ਦੂਜੇ ਨਾਲ ਪਿਆਰ ਕਰਨ ਵਾਲੀ ਇਸਤਰੀ ਦੇ ਹਾਰ ਸ਼ਿੰਗਾਰ ਲਾਏ ਸਭ ਵਿਅਰਥ ਹਨ, ਮੁਸੀਬਤ ਵੇਲੇ ਸਭ ਛੱਡ ਕੇ ਪਾਸੇ ਹੋ ਜਾਂਦੇ ਹਨ। ਇਸੇ ਤਰਾਂ ਇੱਕ ਨਿਰੰਕਾਰ ਨੂੰ ਛੱਡ ਕੇ ਸੰਸਾਰ ਨਾਲ ਮੋਹ ਰਖਣ ਵਾਲੀ ਜੀਵ ਇਸਤਰੀ ਦੇ ਇਕੱਤਰ ਕੀਤੇ ਸਭ ਧਨ ਪਦਾਰਥ ਅਖੀਰ ਦੁੱਖ ਦਾ ਹੀ ਕਾਰਣ ਬਣਦੇ ਹਨ। ਕੁਛ ਵੀ ਨਾਲ ਨਹੀਂ ਜਾਂਦਾ। ਜੀਵ ਆਪਣੇ ਕੀਤੇ ਕਰਮਾਂ ਕਰਕੇ ਨਰਕ ਦਾ ਜੀਵਨ ਭੋਗਦਾ ਹੈ ।

ਗੁਰੂ ਨਾਲ ਪਿਆਰ ਰੱਖਣ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਰੂਪੀ ਜਹਾਜ ਤੇ ਸਵਾਰ ਹੋ ਕੇ ਅਨੰਦਮਈ ਜੀਵਨ ਬਤੀਤ ਕਰਦਾ ਹੈ।"

## ਬਾਰਹ ਮਾਹਾ ਮਾਝ ਮਹਲਾ 5

## ਭਾਦਰੋਂ ਮਹੀਨੇ ਦੇ ਸ਼ਬਦ ਦੀ

## ਕਾਵਿਕ-ਵਿਆਖਿਆ

ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ 'ਨੂਰ',
ਜਲੰਧਰ (ਭਾਰਤ)

+91-98150-23970)



ਭਾਦੋਂ ਮਹੀਨੇ ਭਰਮ 'ਚ ਭੁੱਲਿਆ , ਆਪਣਾ ਛੱਡ ਦੂਜੇ ਤੇ ਡੁੱਲਿਆ ।
ਬੇਸ਼ਕ ਲੱਖ ਲਾਵੇ ਸ਼ਿੰਗਾਰ, ਓਹ ਨੇ ਸਾਰੇ ਹੀ ਬੇਕਾਰ ।
ਜਿਸ ਦਿਨ ਇਸਦੀ ਹੁੰਦੀ ਬੱਸ, ਪ੍ਰੇਤ ਆਖ ਸਭ ਜਾਂਦੇ ਨੱਸ ।
ਜਮਦੂਤਾਂ ਜਦ ਆਣ ਪਕੜਨੈ, ਨਹੀਂ ਦੱਸਨਾ ਕਿੱਥੇ ਖੜਨੈ ।
ਲ਼ਗਦੇ ਸੀ ਜੋ ਬੜੇ ਪਿਆਰੇ, ਪਲ ਵਿਚ ਸਾਥ ਛੱਡ ਗਏ ਸਾਰੇ ।
ਹੱਥ ਮੁੜੇ ਤਨ ਕੰਬਣ ਲੱਗਾ, ਕਾਲਾ ਜਿਸਮ ਹੋ ਗਿਆ ਬੱਗਾ ।
ਜੋ ਜੋ ਕਰਮ ਕਮਾਉਂਦੈ ਬੰਦਾ, ਓਸੇ ਦਾ ਫਲ ਪਾਉਂਦੈ ਬੱਦਾ ।
ਨਾਨਕ ਸ਼ਰਨ ਪ੍ਰਭੂ ਦੀ ਫੜੀਏ, ਚਰਨਾਂ ਦੇ ਬੇੜੇ ਤੇ ਚੜ੍ਹੀਏ।
ਨਾਲ ਗੁਰੂ ਦੇ ਪਿਆਰ ਜੋ ਪਾਂਦਾ, ਨਹੀਂ ਕਦੇ ਨਰਕਾਂ ਨੂੰ ਜਾਂਦਾ ।

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ
## ਭਾਦਰੋਂ ਮਹੀਨ ਦਾ ਪਾਠ ਅਤੇ ਉਸ ਦੀ ਕਾਵਿਕ ਵਿਆਖਿਆ

ੴ ਸਤਿਗੁਰ ਪ੍ਰਸਾਦਿ

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥

### ਕਾਵਿਕ ਵਿਆਖਿਆ

ਭਾਦੋਂ ’ਚ ਵਰਖਾ ਦੀ ਰੁੱਤੇ ਰੰਗ ਮਾਣਦੀ ਨਹੀਂ,
ਭੁੱਲ ਕੇ ਜੋ ਕਰੇ ਮਾਣ ਆਪਣੀ ਜਵਾਨੀ ਦਾ

ਪੈਂਦਾ ਪਛਤਾਉਣਾ ਸਦਾ ਉਸ ਜੀਵ ਇਸਤ੍ਰੀ ਨੂੰ
ਮਿਲਦਾ ਨਹੀਂ ਉਸ ਨੂੰ ਮਿਲਾਪ ਦਿਲ ਜਨੀ ਦਾ

ਚਾਰੇ ਪਾਸੇ ਜਲ ਥਲ ਟੋਏ ਟਿੱਬੇ ਭਰੇ ਹੋਏ
ਮਾਣੇ ਕਿਵੇਂ ਐਸੇ ਖੂਬਸੂਰਤ ਨਜ਼ਾਰੇ ਨੂੰ ਮਾਣ

ਜਦੋਂ ਤੀਕ ਉਹ ਤਿਆਗਦੀ ਨਹੀਂ ਮਨ ਵਿੱਚੋਂ,
ਕਿਸ ਤਰ੍ਹਾਂ ਬੁਲਾਵੇ ਘਰ ਆਪਣੇ ਪਿਆਰੇ ਨੂੰ

ਵਰ੍ਹਦੀ ਹੈ ਘਟਾ ਕਾਲੀ ਕੂਕਦੇ ਨੇ ਮੋਰ ਪਏ
ਬੋਲ ਪ੍ਰਿਓ ਪ੍ਰਿਓ ਦੇ ਪਪੀਹਾ ਪਿਆ ਅਲਾਪਦਾ

ਮੱਛਰ ਤੇ ਸੱਪ ਵਾਂਗੂ ਡੰਗਦਾ ਵਿਛੋੜਾ ਉਹਨੂੰ
ਪਾਣੀ ਦਾ ਤਲਾਬ ਉਹਨੂੰ ਛੱਪੜ ਹੈ ਜਾਪਦਾ

ਹੋ ਜੇ ਅਹਿਸਾਸ ਜਿਹਨੂੰ ਪ੍ਰਭੂ ਦੇ ਵਿਛੋੜੇ ਵਾਲਾ
ਉਸ ਤੋਂ ਬਗੈਰ ਸੁੱਖ ਕਿਤੇ ਨਹੀਂ ਥਿਆਈਦਾ

ਨਾਨਕ ਕਹਿੰਦੇ ਚਲੋ ਗੁਰੂ ਵਾਲੀ ਸਿੱਖਿਆ ਤੇ,
ਜਿੱਥੇ ਪ੍ਰਭੂ ਮਿਲੇ 'ਨੂਰ' ਉਸੇ ਥਾਂ ਹੀ ਜਾਈਦਾ।

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਹੁਣ ਐਡਮਿੰਟਨ)
ਵਟਸਐਪ ਨੰਬਰ 919815023970

# ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸੰਖੇਪ ਸਿਖਿਆ: ਭਾਗ-1

ਡਾ. ਸਰਦਾਰ ਸੁਖਮੰਦਰ ਸਿੰਘ, ਸਾਂਟਾ ਕਲਾਰਾ, ਕੈਲੀਫੋਰਨੀਆਂ (ਅਮਰੀਕਾ) ਅਤੇ
ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ, ਐਲਬਰਟਾ (ਕੈਨੇਡਾ)

**ਪਿਛੋਕੜ:** ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਦੀ ਸਿੱਖ ਵਿਦਿਆਰਥੀ ਸੰਸਥਾਂ ਸਾਲਾਨਾ ਸਮਾਗਮ ਵਿੱਚ ਸਵਾਲ ਆਏ ਕਿ ਸਿੱਖ ਵਿਦਿਆਰਥੀਆਂ ਲਈ ਚੰਗੇ ਨੰਬਰ ਲੈਣ ਲਈ ਗੁਰਬਾਣੀ ਦੀ ਕੀ ਮਹੱਤਤਾ ਹੈ। ਉਨ੍ਹਾਂ ਨੂੰ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਬਾਣੀਆਂ ਤੇ ਰੱਬ ਦੀ ਲੋੜ ਕਿਉਂ ਹੈ? ਇਹ ਲੇਖ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਹੈ।




ਸਿੱਖ ਨੌਜਵਾਨਾ ਲਈ ਬਹੁ ਪੱਖੀ ਚਕਾ-ਚੌਂਧ, ਲਾਲਚ ਅਤੇ ਦਬਾਅ ਕਾਰਣ ਬੇਹੱਦ ਮੁਸ਼ਕਲਾਂ ਹਨ। ਵਿਦੇਸ਼ਾਂ ਵਿੱਚ ਉਨਾਂ ਨੂੰ ਧੱਕੇਸ਼ਾਹੀ ਅਤੇ ਪਛਾਣ-ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖਾਂ ਉਪਰ ਦੂਜੇ ਧਰਮਾਂ ਅਤੇ ਨਾਸਤਿਕਾਂ ਦੁਆਰਾ ਦਬਾਅ ਹਨ। ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਵਿਚ ਆਪਸੀ ਝਗੜੇ ਸਿੱਖੀ ਤੋਂ ਦੂਰ ਕਰਦੇ ਹਨ। ਕਾਮ, ਕ੍ਰੋਧ, ਲੋਭ, ਹਉਮੈ, ਮੋਹ ਤੋਂ ਬਚਣਾਂ ਸੌਖਾ ਨਹੀਂ। ਇਹ ਨੌਂਜਵਾਨਾਂ ਨੂੰ ਗੁਮਰਾਹ ਕਰਦੇ ਹਨ, ਅਤੇ ਉਨ੍ਹਾਂ ਨੂੰ ਡੂੰਘੀ ਮੁਸੀਬਤ ਵਿੱਚ ਪਾ ਸਕਦੇ ਹਨ। ਸਵਾਲ ਹੈ ਕਿ ਕੋਈ ਇਨ੍ਹਾਂ ਨਕਾਰਾਤਮਕਤਾਵਾਂ ਨੂੰ ਕਿਵੇਂ ਜਿੱਤ ਸਕਦਾ ਹੈ ਤੇ ਡਿੱਗਣ ਤੋਂ ਕਿਵੇਂ ਬਚਣਾ ਹੈ? ਸਿਰਫ ਆਪਣੀ ਯੋਗਤਾ ਅਤੇ ਦ੍ਰਿੜਤਾ ਦੇ ਅਧਾਰ 'ਤੇ ਇਨ੍ਹਾਂ ਨਕਾਰਾਤਮਕ ਸ਼ਕਤੀਆਂ ਨਾਲ ਲੜਨਾ ਖ਼ਤਰਨਾਕ ਹੁੰਦਾ ਹੈ। ਬਹੁਤ ਉੱਚੇ ਅਹੁਦਿਆਂ 'ਤੇ ਬੈਠੇ ਵਿਅਕਤੀ ਵੀ ਇਨ੍ਹਾਂ ਦਾ ਸ਼ਿਕਾਰ ਹੋਏ ਅਤੇ ਇੱਜਤ ਗਵਾ ਕੇ ਪਦਵੀ ਤੋਂ ਡਿੱਗ ਪਏ।

ਦ੍ਰਿੜ੍ਹ ਇਰਾਦੇ 'ਤੇ ਸਖ਼ਤ ਮਿਹਨਤ ਨਾਲ ਜਾਂ ਹਉਮੈ ਤੋਂ ਲਈ ਪਦਵੀ ਤੋਂ ਥਕਾਵਟ ਅਤੇ ਖਾਲੀਪਣ ਦੀ ਭਾਵਨਾ ਪੈਦਾ ਹੁੰਦੀ ਹੈ। ਸੰਸਾਰ ਵਿੱਚ ਸਭ ਤੋਂ ਵਧੀਆ ਤਰੀਕਾ ਸ਼ਕਤੀ ਦੇ ਸਰੋਤ ਪਰਮੇਸ਼ੁਰ ਨਾਲ ਜੁੜਨਾ ਹੈ।

ਬੁਰਾਈਆਂ ਨਾਲ ਲੜਦਿਆਂ ਲਾਭਕਾਰੀ ਤੇ ਸੰਤੁਸ਼ਟ ਜੀਵਨ ਲਈ ਪਰਮਾਤਮਾ ਦਾ ਆਸਰਾ ਲਈਏ।

ਅਧਿਆਪਕ ਅਤੇ ਸੁਧਾਰਕ ਇਨ੍ਹਾਂ ਲਈ ਤਰੀਕੇ ਦੱਸਦੇ ਹਨ। ਪਰ 'ਜਾਣਨਾ' ਹੀ ਕਾਫੀ ਨਹੀਂ, ਸਗੋਂ ਜੀਵਨ ਵਿੱਚ ਵਰਤੋਂ ਕਰਨਾ ਵੀ ਜ਼ਰੂਰੀ ਹੈ। ਇੱਕ ਨਛੇੜੀ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਦਾ ਹੈ, ਫਿਰ ਵੀ ਨਹੀਂ ਬਦਲ ਸਕਦਾ। ਗੁਰੂ ਦਾ ਪੱਧਰ ਇਨ੍ਹਾਂ ਸੂਤਰਾਂ ਨਾਲੋਂ ਬਹੁਤ ਉੱਚਾ ਹੈ, ਕਿਉਕਿ ਗੁਰਬਾਣੀ ਮਨੁੱਖ ਨੂੰ ਸ਼ਕਤੀ ਦੇ ਪਰਮ-ਸ੍ਰੋਤ ਪਰਮਾਤਮਾ ਨਾਲ ਜੋੜਦੀ ਹੈ। ਗੁਰਬਾਣੀ ਨਾਲ ਜੁੜ ਜਾਣ ਨਾਲ ਜੀਵ ਅੰਦਰ ਤਾਕਤ ਅਤੇ ਚੰਗਿਆਈ ਦਾ ਇੱਕ ਸੁਭਾਵਿਕ ਪ੍ਰਵਾਹ ਬਣਦਾ ਹੈ।

ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੀ ਭਾਵਨਾ ਵੀ ਕੁਦਰਤੀ ਤੌਰ 'ਤੇ ਉਭਰਦੀ ਹੈ। ਉੱਚ ਪੱਧਰ ਦੀਆਂ ਪ੍ਰਾਪਤੀਆਂ ਨਾਲ ਯੋਗਤਾ ਦਾ ਪੱਧਰ ਵੀ ਬਹੁਤ ਵਧ ਜਾਂਦਾ ਹੈ। ਵਧਿਆ ਹੋਇਆ ਉਤਸ਼ਾਹ ਅਤੇ ਹੌਂਸਲਾ (ਚੜ੍ਹਦੀ-ਕਲਾ) ਗੁਰਬਾਣੀ ਦੀਆਂ ਮਹਾਨ ਦਾਤਾਂ ਹਨ। ਇਹ ਵਿਕਾਰਾਂ ਦਾ ਸ਼ਿਕਾਰ ਹੋਣ ਤੋਂ ਬਚਾਉਂਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਪੁਜੀ, ਸੁਖਮਨੀ ਅਤੇ ਹੋਰ ਬਾਣੀਆਂ, ਜੀਵਨ ਨੂੰ ਸਫਲ ਬਣਾਉਣ ਲਈ ਮਾਰਗ-ਦਰਸ਼ਨ ਕਰਦੀਆਂ ਹਨ। ਇਹ ਸਿੱਖਾਂ ਦੀ ਪਹੁੰਚ ਵਿਚ ਹਨ। ਗੁਰਬਾਣੀ ਸਾਨੂੰ ਸੇਧ ਦਿੰਦੀ ਹੈ ਕਿ ਅਸੀਂ ਸਮਾਜ ਨੂੰ ਛੱਡੇ ਬਿਨਾਂ, ਉਪਰੋਕਤ ਰੁਕਾਵਟਾਂ ਨੂੰ ਕਿਵੇਂ ਪਾਰ ਕਰ ਕੇ ਆਪਣੇ ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰਦੇ ਹੋਏ ਇੱਕ ਸੁਖੀ ਜੀਵਨ ਬਤੀਤ ਕਰ ਸਕਦੇ ਹਾਂ। ਇਸ ਵਿਚ ਇਹ ਵੀ ਜਾਣਕਾਰੀ ਹੈ ਕਿ ਕਿਵੇਂ ਪ੍ਰਮਾਤਮਾ ਨੂੰ ਸਹੀ ਢੰਗ ਨਾਲ ਪ੍ਰਾਰਥਨਾ ਕਰਨੀ ਹੈ।

ਇਕ ਹੋਰ ਸਵਾਲ ਸੀ ਕਿ ਕਈ ਵਾਰ ਬਹੁਤਾ ਸਮਾਂ ਸਿਮਰਨ, ਸੇਵਾ ਜਾਂ ਗੁਰਬਾਣੀ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਕੋਈ ਨਤੀਜਾ ਨਾ ਮਿਲਣ 'ਤੇ ਨਿਰਾਸ਼ਤਾ ਹੁੰਦੀ ਹੈ। ਇਸ ਲਈ ਵਿਦਿਆਰਥੀਆਂ ਨੂੰ ਡਿਗਰੀ ਪ੍ਰਾਪਤ ਕਰਨ ਲਈ ਯੂਨੀਵਰਸਿਟੀ ਦੁਆਰਾ ਲੋੜੀਂਦੇ ਸੰਘਰਸ਼ ਦੀ ਯਾਦ ਦਿਵਾਈ ਜਾਂਦੀ ਹੈ। ਵਿਦਿਆਰਥੀ ਭਰੋਸੇ ਨਾਲ ਅਧਿਐਨ ਕਰ ਕੇ ਸੰਘਰਸ਼ ਵਿੱਚੋਂ ਲੰਘ ਕੇ ਪ੍ਰੀਖਿਆਵਾਂ ਜ਼ਰੂਰ ਪਾਸ ਕਰ ਸਕਦੇ ਹਨ।

ਬਿਨਾਂ ਸਮਝੇ ਕਿਤਾਬਾਂ ਪੜ੍ਹਨ ਜਾਂ ਕਿਸੇ ਹੋਰ ਦੀ ਮਦਦ ਨਾਲ ਇਮਤਿਹਾਨ ਪਾਸ ਨਹੀਂ ਕੀਤੇ ਜਾ ਸਕਦੇ। ਗਿਆਨ ਦੀ ਸਹੀ ਵਰਤੋਂ ਕੀਤੇ ਬਿਨਾਂ ਕਾਮਯਾਬ ਨਹੀਂ ਹੋ ਸਕੀਦਾ। ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਭਰੋਸਾ ਰੱਖਣ ਦੀ ਲੋੜ ਹੈ ਜੋ ਪ੍ਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਕਰਨ ਦਾ ਮਾਰਗ ਦਰਸਾਉਂਦਾ ਹੈ। ਗੁਰਬਾਣੀ ਤੋਂ ਪ੍ਰਾਪਤ ਗਿਆਨ ਨੂੰ ਜੀਵਨ ਵਿੱਚ ਵਰਤਣ ਤੋਂ ਬਿਨਾਂ ਕੋਈ ਲਾਭ ਨਹੀਂ ਮਿਲਦਾ। ਸਿਰਫ਼ ਪਾਠ ਕਰਨ (ਜਾਂ ਕਿਸੇ ਹੋਰ ਕੋਲੋਂ ਕਰਵੌਣ) ਨਾਲ ਲਾਭ ਨਹੀਂ ਹੁੰਦਾ। ਗੁਰਬਾਣੀ ਨੂੰ ਸਮਝਣ ਲਈ ਕੋਈ ਸਟੀਕ ਵਰਤਣ ਦਾ ਸੁਝਾ ਹੈ, ਕਿਉਂਕਿ ਸੈਂਕੜੇ ਸਾਲ ਪਹਿਲਾਂ ਪ੍ਰਚਲਤ ਸ਼ਬਦਾਂ ਅਤੇ ਹੋਰ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸਿਮਰਨ ਦੁਆਰਾ ਗਲਤ ਧਾਰਨਾਵਾਂ ਧੋਣ ਲਈ ਬਹੁਤ ਸੰਘਰਸ਼ ਕਰਨੇ ਪੈਂਦੇ ਹਨ। ਗੁਰੂ ਸਾਹਿਬ ਦਾ ਉਪਦੇਸ਼ ਹੈ:

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਪੰਨਾ 4)

ਨਾਮ ਦਾ ਸ਼ਾਬਦਿਕ ਤੌਰ ਤੇ ਨਾਮ ਵਜੋਂ ਅਨੁਵਾਦ ਕੀਤਾ ਜਾਂਦਾ ਹੈ। ਪਰ ਨਾਮ ਉਹ ਜੀਵਨ ਸ਼ਕਤੀ ਹੈ ਜੋ ਸਾਰੀ ਸ੍ਰਿਸ਼ਟੀ ਵਿੱਚ ਮੌਜੂਦ ਹੈ। ਗੁਰੂ ਜੀ ਅਨੁਸਾਰ ਨਾਮ ਹਰ ਜਗ੍ਹਾ ਮੌਜੂਦ ਹੈ:

ਵਿਣੁ ਨਾਵੈ ਨਾਹੀ ਕੋ ਥਾਉ॥ (ਪੰਨਾ 4)

(ਨੋਟ : ਇਸ ਲੇਖ ਦਾ ਅਗਲਾ ਭਾਗ ਪੜ੍ਹਣ ਲਈ 'ਸਾਂਝੀ ਵਿਰਾਸਤ' ਦਾ ਸਤੰਬਰ ਅੰਕ ਦੇਖੋ ਜੀ।)

# ਕੀਰਤਨੁ ਨਿਰਮੋਲਕੁ ਹੀਰਾ

ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਰਾਗਾਂ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਮ ਕੀਰਤਨ ਹੈ। ਭਾਗਵਤ ਪੁਰਾਣ ਅਨੁਸਾਰ ਕੀਰਤਨ ਨਵਧਾ ਭਗਤੀ ਦਾ ਅੰਗ ਹੈ ਅਤੇ ਗੁਰਮਤਿ ਅਨੁਸਾਰ ਅਧਿਆਤਮਕ ਅਗਵਾਹੀ ਦਾ ਸਰਵੋਤਮ ਸਾਧਨ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ॥ (ਅੰਗ-2)॥

ਤਹਾ ਬੈਕੁੰਠੁ ਜਹਾ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇਹਿ॥ ਅੰਗ-749)

ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਸਾਇਰ ਦੇ ਨਾਲ ਢਾਡੀ ਵੀ ਆਖਿਆ :

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**

**ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥**

**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥**

**ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥**

ਗੁਰੂ ਨਾਨਕ ਸਾਹਿਬ ਨੇ ਧਰਤ ਲੁਕਾਈ ਸੋਧਣ ਲਈ ਕੀਰਤਨ ਨੂੰ ਹੀ ਪ੍ਰਮੁੱਖ ਸਾਧਨ ਬਣਾਇਆ। ਉਨ੍ਹਾ ਨੇ ਭਾਈ ਮਰਦਾਨਾ (ਜੋ ਰਾਗ ਵਿਦਿਆ ਦਾ ਮਾਹਰ ਸੀ) ਆਪਣਾ ਸਾਥੀ ਬਣਾਇਆ। ਗੁਰੂ ਜੀ ਨੇ ਉਸ ਦੀ ਮਹਾਰਤ ਵੇਖ ਕੇ ਭਾਈ ਮਰਦਾਨੇ ਨੂੰ ਆਖਿਆ:

"ਸ਼ਬਦ ਪਾਇ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ"।

ਬੇਬੇ ਨਾਨਕੀ ਨੇ ਰਬਾਬ ਖ਼ਰੀਦ ਕੇ ਦਿੱਤੀ। ਭਾਈ ਮਰਦਾਨਾ ਨੇ ਗੁਰੂ ਜੀ ਦੀਆਂ ਉਦਾਸੀਆਂ ਵਿਚ ਸਭ ਤੋਂ ਵੱਧ ਸਾਥ ਨਿਭਾਇਆ । ਭਾਈ ਗੁਰਦਾਸ ਜੀ ਲਿਖਦੇ ਹਨ:

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥ (ਵਾਰ 1/35)॥

ਭਲਾ ਰਬਾਬਾ ਵਜਾਇਦਾ, ਮਜਲਸ ਮਰਦਾਨਾ ਮੀਰਾਸੀ॥ ਵਾਰ 11/13-4)॥

ਗੁਰੂ ਨਾਨਕ ਅਤੇ ਭਾਈ ਮਰਦਾਨਾ ਜੀ ਦੇ ਆਪਸੀ ਵਾਰਤਾਲਾਪ ਦੁਆਰਾ ਸਿੱਖਿਆ ਦੀਆਂ ਅਨੇਕ ਸਾਖੀਆਂ ਪ੍ਰਚੱਲਤ ਹਨ।

ਬਾਬਾ ਸ਼ਬਦ ਹੈ ਅਤੇ ਮਰਦਾਨਾ ਸੁਰਤਿ ਹੈ ਜਦ ਸੁਰਤਿ ਟੁੱਟਦੀ ਹੈ ਤਾਂ ਕਲਜੁਗ ਆ ਜਾਂਦਾ ਹੈ।

ਮਰਦਾਨਾ ਇਕ ਜਾਦੂਗਰਨੀ ਦੇ ਵੱਸ ਪੈ ਗਿਆ ਪਰ ਗੁਰੁ ਉਪਦੇਸ਼ ਦੁਆਰਾ ਉਸ ਨੇ ਇਸ ਨੂੰ ਵਗਾਹ ਸੁੱਟਿਆ। ਮਹਾਨ ਕੋਸ਼ ਅਨੁਸਾਰ ਤੀਜੀ ਉਦਾਸੀ ਤੋਂ ਮੁੜਦਿਆਂ ਅਫ਼ਗਾਨਿਸਤਾਨ ਦੇ ਕੁਰਮ ਸ਼ਹਿਰ ਵਿਚ ਭਾਈ ਮਰਦਾਨਾ ਸੰਨ 1534 ਵਿਚ ਸਵਰਗਵਾਸ ਹੋਇਆ। ਭਾਈ ਰਜ਼ਾਦਾ ਦੇ ਪੁੱਤਰ ਭਾਈ ਸਾਦੂ ਤੇ ਭਾਈ ਬਾਦੂ ਕੀਰਤਨ ਦੀ ਸੇਵਾ ਕਰਦੇ ਰਹੇ। ਗੁਰੂ ਅਰਜਨ ਸਾਹਿਬ ਆਪ ਆਪਣੇ ਬਣਾਏ ਸਾਜ਼ ਸਾਰੰਦੇ ਨਾਲ ਆਪ ਕੀਰਤਨ ਕਰਦੇ ਸਨ। ਆਪ ਨੇ ਕੀਰਤਨ ਨੂੰ ਭਗਤੀ ਦਾ ਪਰਧਾਨ ਸਾਧਨ ਬਿਆਨ ਕੀਤਾ:

ਕੀਰਤਨੁ ਨਿਰਮੋਲਕੁ ਹੀਰਾ॥ ਆਨੰਦ ਗੁਣੀ ਗਹੀਰਾ॥ (ਅੰਗ-893)॥

ਰਾਗ ਉਦਾਸ ਮਨ ਨੂੰ ਸੁਰਜੀਤ ਕਰ ਕੇ ਪ੍ਰਭੂ ਭਗਤੀ ਨੂੰ ਸਰਲ ਅਤੇ ਰਸ-ਯੁਕਤ ਬਣਾਉਂਦਾ ਹੈ। ਭਾਈ ਗੁਰਦਾਸ ਜੀ ਦੀ 11-ਵੀਂ ਵਾਰ ਵਿਚ ਮੁਕੰਦਾ ਤੇ ਕਿਦਾਰਾ ਨਾਮ ਦੇ ਰਬਾਬੀਆਂ ਨੂੰ ਗੁਰੂ ਜੀ ਦੇ ਸਿੱਖਾਂ ਵਿਚ ਸ਼ਾਮਿਲ ਕੀਤਾ ਗਿਆ। ਭਾਈ ਮਨੀ ਸਿੰਘ ਜੀ ਦੀ ਭਗਤ ਰਤਨਾਵਲੀ ਦੇ ਅਨੁਸਾਰ ਉਹ ਗੁਰੂ ਜੀ ਪਾਸੋਂ ਸੰਸਾਰਕ ਸਫਲਤਾ ਦਾ ਮਾਰਗ ਪੁੱਛਦੇ ਹਨ। ਗੁਰੂ ਜੀ ਉਨ੍ਹਾਂ ਨੂੰ ਕੀਰਤਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹੋਏ ਦਸਦੇ ਹੰਨ ਕਿ ਗੁਰਬਾਣੀ ਪਾਠ ਖੂਹ ਗੇੜ ਕੇ ਪੈਲੀ ਸਿੰਜਣ ਵਾਂਙ ਹੈ। ਕੀਰਤਨ ਮੇਘ ਵਾਂਙ ਗਰਜ ਕੇ ਵਰਖਾ ਨਾਲ ਸਾਰੀਆਂ ਪੈਲੀਆਂ ਸਿੰਜਦਾ ਹੈ। ਸਿਮਰਨ ਅਭਿਆਸ ਨਾਲ ਮਨ ਨੂੰ ਇਕਾਗਰ ਕਰਨਾ ਹੈ, ਕੀਰਤਨ ਸੁਣਿਆਂ ਅੰਤਾਕਰਣ ਵਿਚ ਅੰਮ੍ਰਿਤ ਝਰਦਾ ਹੈ।

ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਕੀਰਤਨ ਕਰਦੇ ਰਹੇ। ਇਹ ਪਹਿਲੇ ਰਬਾਬੀ ਹਨ ਜਿਨ੍ਹਾਂ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਰਤਨ ਸੇਵਾ ਦਾ ਅਰੰਭ ਕੀਤਾ ਸੀ। ਗੁਰੂ ਅਰਜਨ ਸਾਹਿਬ ਨੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ (ਆਸਾ ਦੀ ਵਾਰ ਦੀ ਚੌਕੀ, ਚਰਨ ਕੰਵਲ ਦੀ ਚੌਕੀ, ਸੋਦਰ ਦੀ ਚੌਕੀ ਅਤੇ ਕਲਿਯਾਣ ਦੀ ਚੌਕੀ) ਦੀ ਮਰਯਾਦਾ ਕਾਇਮ ਕੀਤੀ ਅਤੇ ਸਿੱਖਾਂ ਨੂੰ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦੇ ਸਮੇਂ ਕੀਰਤਨ ਦੇ ਨਾਲ-ਨਾਲ ਢਾਡੀਆਂ ਦੁਆਰਾ ਢੱਡ ਤੇ ਸਾਰੰਗੀ ਨਾਲ ਵਾਰਾਂ ਗਾਇਨ ਦੀ ਪ੍ਰਥਾ ਵੀ ਅਰੰਭ ਹੋ ਗਈ।

ਕੀਰਤਨ ਵਾਲੀਆਂ ਦੋ ਸ਼੍ਰੇਣੀਆਂ ਰਬਾਬੀ ਤੇ ਰਾਗੀ (ਸਿੱਖ ਕੀਰਤਨੀਏ) ਬਣ ਗਈਆਂ। ਦਰਬਾਰ ਸਾਹਿਬ ਵਿਖੇ ਕੁੱਲ 15 ਚੌਂਕੀਆਂ ਦੀ ਕੀਰਤਨ ਮਰਯਾਦਾ ਚਲੀ ਆ ਰਹੀ ਸੀ ਜਿਸ ਵਿਚ ਅੱਠ ਚੌਂਕੀਆਂ ਰਾਗੀਆਂ ਦੀਆਂ ਅਤੇ ਸੱਤ ਚੌਂਕੀਆਂ ਰਬਾਬੀਆਂ ਦੀਆਂ ਹਨ। ਦੇਸ਼ ਦੀ ਵੰਡ ਸਮੇਂ ਰਬਾਬੀ ਸ਼੍ਰੇਣੀ, ਜੋ ਕੀਰਤਨ ਦੁਆਰਾ ਗੁਰੂ ਨਾਨਕ ਸਾਹਿਬ ਤੋਂ ਗੁਰੂ-ਘਰ ਨਾਲ ਜੁੜੀ ਹੋਈ ਸੀ, ਪਾਕਿਸਤਾਨ ਜਾਣ ਕਾਰਣ ਟੁੱਟ ਗਈ ਤੇ ਇਨ੍ਹਾਂ ਦੀ ਕੀਰਤਨ-ਸੇਵਾ ਵੀ ਸਿੱਖ ਰਾਗੀਆਂ ਦੇ ਜ਼ਿੰਮੇ ਆ ਗਈ। ਕੀਰਤਨ-ਪਰੰਪਰਾ ਦੇ ਇਸ ਅਮੀਰ ਵਿਰਸੇ ਦਾ ਸਰੂਪ ਅੱਜ ਅਲੋਪ ਹੋ ਗਿਆ ਹੈ। ਪੁਰਾਣੀ ਪੀੜ੍ਹੀ ਦੇ ਕੀਰਤਨੀਏ ਜਾਣ ਨਾਲ ਸੰਗਤਾਂ ਨੂੰ ਆਪਣੇ ਕੀਰਤਨ ਦੇ ਇਸ ਅਮੀਰ ਵਿਰਸੇ ਤੋਂ ਦੂਰ ਨਹੀਂ ਜਾਣਾ ਚਾਹੀਦਾ।

# ਗੁਰਬਾਣੀ ਵਿਚ ਵਰਤੇ ਕੁਝ ਪੰਜਾਬੀ ਮੁਹਾਵਰੇ-ਭਾਗ 2

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

ਲੜੀ ਜੋੜਨ ਲਈ 'ਸਾਂਝੀ ਵਿਰਾਸਤ' ਵਿਚ ਭਾਗ 1 ਜੁਲਾਈ 2024 ਦਾ ਅੰਕ ਪੜੋ ਜੀ।

ਗੁਰਬਾਣੀ ਦੀਆਂ ਤੁਕਾਂ ਵਿਚ ਮੁਹਾਵਰੇ '' ਰਾਹੀਂ ਦਰਸਾਏ ਹਨ 'ਤੇ ਭਾਵ ਅਰਥ () ਵਿਚ ਲਿਖੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ { } ਵਿਚ ਦਿੱਤਾ ਗਿਆ ਹੈ।

ਤਪਿ ਤਪਿ ਲੁਹਿ ਲੁਹਿ 'ਹਾਥ ਮਰੋਰਉ'॥
{794} (ਪਛਤਾਉਣਾਂ)

ਕਹਾ ਸੁ ਭਾਈ ਮੀਤ ਹੈ 'ਦੇਖੁ ਨੈਨ ਪਸਾਰਿ'॥
{808} (ਗਹੁ ਨਾਲ ਵੇਖਣਾ)

'ਤੰਤੁ ਮੰਤੁ' ਨਹ ਜੋਹਈ ਤਿਤੁ ਚਾਖੁ ਨ ਲਾਗੈ॥
{817} (ਟੂਣਾ)

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥
ਤੰਤੁ ਮੰਤੁ ਨਹ ਜੋਹਈ ਤਿਤੁ 'ਚਾਖੁ ਨ ਲਾਗੈ'॥
{817-818} (ਨਜ਼ਰ ਨ ਲਗਣੀ)

ਤਿਸ ਕੀ 'ਮੁਹਤਾਜੀ ਲੋਕੁ ਕਢਦਾ' ਹੋਰਤੁ ਹਟਿ ਨ ਵਥੁ ਨ ਵੇਸਾਹੁ॥ {852}
(ਸਭ ਲੋਕ ਉਸ ਕੋਲ ਆਉਂਦੇ ਹਨ)

ਨਾਨਕ ਕਾ 'ਅੰਗੁ ਕੀਆ ਕਰਤਾਰਿ'॥
{866} (ਸਹਾਇਤਾ ਕਰਨੀਂ)



ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥ ਆਵਤ ਜਾਤ 'ਨਾਕ ਸਰ ਹੋਈ'॥
{871} (ਨੱਕ ਜਿੰਦ ਆ ਜਾਣੀ)

'ਮਰਣ ਜੀਵਣ ਕਉ' ਧਰਤੀ ਦੀਨੀ ਏਤੇ ਗੁਣ ਵਿਸਰੇ॥ {877} (ਵੱਸਣ ਵਾਸਤੇ)

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ 'ਤਿਸੁ ਬਣਿ ਆਵੈ'॥ {883} (ਇੱਜ਼ਤ ਹੋਣੀ)

ਆਪਣੀ 'ਗਤਿ ਮਿਤਿ' ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ॥ {883} (ਪੂਰਨ ਸਰੂਪ)

'ਬੀਸ ਬਿਸੁਏ' ਜਾ ਮਨ ਠਹਰਾਨੇ॥
{887} (ਪੂਰੀ ਤਰਾਂ)

'ਲੋਕ ਪਚਾਰਾ' ਅੰਧੁ ਕਮਾਇ॥੨॥
{888} (ਵਿਖਾਵਾ)

ਕਉਡੀ ਕਉਡੀ ਕਉ 'ਖਾਕੁ ਸਿਰਿ ਛਾਨੈ'॥
{899} (ਭਟਕਦੇ ਫਿਰਨਾ)

ਤਿਉ ਹਰਿ ਜਨ 'ਰਾਖੈ ਕੰਠਿ ਲਾਇ'॥
{914} (ਅਪਨਾਉਣਾਂ)

'ਸਭਿ ਥਾਨ ਦੇਖੇ ਨੈਣ ਅਲੋਇ'॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ॥{914}(ਗਹੁ ਨਾਲ ਵੇਖਣਾ)

ਕਾਹੂ ਬਿਹਾਵੈ 'ਮਤਾ ਮਸੂਰਤਿ'॥
{914} (ਸਲਾਹ ਮਸ਼ਵਰਾ)

ਹਰਿ ਗਾਉ ਮੰਗਲੁ ਨਿਤ ਸਖੀਏ 'ਸੋਗੁ ਦੂਖੁ' ਨ ਵਿਆਪਏ॥ {921} (ਕਲੇਸ਼)

ਜਸੁ ਜਾਚਉ ਦੇਵੈ 'ਪਤਿ ਰਾਖੁ'॥
{933}(ਇੱਜਤ)

ਬੀਜਉ ਸੂਝੈ ਕੋ ਨਹੀ 'ਬਹੈ ਦੁਲੀਚਾ ਪਾਇ'॥
{936} (ਸਦਾ ਕਾਇਮ ਰਹਿਣ ਲਈ)

ਮੂਰਖੁ ਸਬਦੁ ਨ ਚੀਨਈ 'ਸੂਝ ਬੂਝ' ਨਹ ਕਾਇ॥ {938} (ਸਮਝ)

'ਹਾਟੀ ਬਾਟੀ' ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥{938-9} (ਕਿਰਤ ਕਾਰ)

ਗੁਰਮੁਖਿ 'ਸਰ ਅਪਸਰ' ਬਿਧਿ ਜਾਣੈ ॥
{941} (ਚੰਗਾ ਮੰਦਾ ਸਮਾ)

ਗੁਰਮੁਖਿ ਧਰਤੀ ਸਾਚੈ ਸਾਜੀ॥ ਤਿਸ ਮਹਿ 'ਓਪਤਿ ਖਪਤਿ' ਸੁ ਬਾਜੀ॥{941} (ਉਤਪੱਤੀ ਤੇ ਨਾਸ)

ਗੁਰਮੁਖਿ 'ਸਰ ਅਪਸਰ' ਬਿਧਿ ਜਾਣੈ ॥
{941} (ਚੰਗਾ ਮੰਦਾ ਸਮਾ)

ਓਇ 'ਥਾਉ ਕੁਥਾਉ' ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥ {950} (ਚੰਗਾ ਮੰਦਾ ਥਾਂ)

ਨਾਨਕ ਨਾਮੁ ਧਿਆਈਐ ਸਚੁ 'ਸਿਫਤਿ ਸਨਾਈ'॥ {951} (ਵਡਿਆਈ)

ਲੋਕ ਮੁਹਾਵਹਿ 'ਚਾੜੀ ਖਾਹਿ'॥
{951} (ਚੁਗਲੀ ਲਾਉਣੀ)

ਜਿਨ ਕਉ 'ਪੋਤੈ ਪੁੰਨੁ ਹੈ' ਤਿਨ੍ਹ ਵਾਤਿ ਸਿਪੀਤੀ॥ {951} (ਚੰਗੇ ਭਾਗ ਹੋਣੇ)

ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ 'ਗੰਗਾ ਕਾ ਨੀਰੁ'॥ {952} (ਪਵਿਤਰ/ਨਿਰਮਲ)

ਚੰਦ ਸੂਰਜ ਕੀ ਪਾਏ ਗੰਢਿ॥ ਤਿਸੁ ਉਦਾਸੀ ਕਾ 'ਪੜੈ ਨ ਕੰਧੁ'॥{952} (ਤਾਕਤ ਨਾਸ)

ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ 'ਡਉਰੂ ਵਾਇ'॥ {953} (ਬਲ ਨਾਲ)

ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥ ਦੂਜੈ ਭਾਇ ਸਦਾ ਦੁਖੁ ਹੈ 'ਨਿਤ ਨੀਰੁ ਵਿਰੋਲੈ'॥{955} (ਵਿਅਰਥ ਕੰਮ)

ਗੁਰਿ 'ਵਣੁ ਤਿਣੁ' ਹਰਿਆ ਕੀਤਿਆ ਨਾਨਕ ਕਿਆ ਮਨੁਖ॥ {958} (ਬਨਸਪਤੀ)

'ਹਭੇ ਭਸੁ ਪੁਣੇਦੇ ਵਤਨੁ' ਜਾ ਮੈ ਸਜਣੁ ਤੂਹੈ॥ {963} (ਖੇਹ ਛਾਣਦੇ ਫਿਰਨਾ)

ਨਾਨਕ ਬਖਸਿ ਮਿਲਾਇਅਨੁ 'ਰਖੇ ਗਲਿ ਲਾਏ'॥{966} (ਅਪਨਾਉਣਾਂ)

'ਜਬ ਨਖ ਸਿਖ ਇਹੁ ਮਨੁ ਚੀਨ੍ਹਾ'॥ ਤਬ ਅੰਤਰਿ ਮਜਨੁ ਕੀਨ੍ਹਾ॥ {971} (ਪੜਤਾਲ ਕੇ)

ਮੰਦਰਿ 'ਸੋਵਹਿ ਪਟੰਬਰ ਤਾਨਿ'॥ {971} (ਨਿਸ਼ਚਿੰਤ ਹੋਣਾਂ)

ਦੁਸਮਨ ਦੂਤ ਜਮਕਾਲੁ 'ਠੇਹ ਮਾਰਉ' ਹਰਿ ਸੇਵਕ ਨੇੜਿ ਨ ਜਾਈ ਜੀਉ॥ {998} (ਜਾਨੋਂ ਮਾਰ ਦੇਣਾ)

ਮੋ ਕਉ ਕਹਾ ਪੜ੍ਹਾਵਸਿ 'ਆਲ ਜਾਲ'॥ ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ॥ {1194} (ਦੁਨੀਆਵੀ ਝੰਬੇਲੇ/ਲੇਖੇ)

ਨਿਦ੍ਰਾ ਬਿਨੁ ਨਰੁ 'ਪੈ ਸੋਵੈ'॥ ਬਿਨੁ ਬਾਸਨ ਖੀਰੁ ਬਿਲੋਵੈ॥{1194} (ਬੇ-ਪਰਵਾਹ)

ਤੇਰੀ ਗਰਦਨਿ ਊਪਰਿ 'ਲਵੈ ਕਾਉ'॥ {1196} (ਮਾੜੇ ਦਿਨ ਆਉਣੇ)

ਹੋਰ ਕਚੀ ਮਤੀ 'ਕਚੁ ਪਿਚੁ' ਅੰਧਿਆ ਅੰਧੁ ਬੀਚਾਰੁ॥ {1242} (ਫਿਕਾ ਬੋਲ)

ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ 'ਵੁਠਾ ਛਹਬਰ ਲਾਇ'॥{1250} (ਬਹੁਤ ਵਰਖਾ ਹੋਣੀ)

ਸਚੈ 'ਸੁਣਿਆ ਕੰਨੁ' ਦੇ ਧੀਰਕ ਦੇਵੈ ਸਹਜਿ ਸੁਭਾਇ॥ {1281} (ਧਿਆਂਨ ਨਾਲ ਸੁਣਨਾ)

ਨਾਨਕ ਸਚੇ ਨਾਮ ਬਿਨੁ 'ਸਿਰ ਖੁਰ ਪਤਿ ਪਾਟੀ'॥ {1287} (ਸਿਰ ਤੋਂ ਪੈਰਾਂ ਤਕ)

'ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ'॥ {1289} (ਵਿਗੜੇ ਕੰਮ ਨੂੰ ਹੋਰ ਵਿਗਾੜਨਾ)

ਇਹ ਜਗ ਮਹਿ ਰਾਮ ਨਾਮੁ ਸੋ ਤਉ 'ਨਹੀ ਸੁਨਿਓ ਕਾਨਿ'॥ {1352} (ਧਿਆਂਨ ਨਾਲ ਨ ਸੁਣਨਾ)

ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ 'ਪਉ ਮੁਕਿਹਿ'॥{1394} (ਪੰਧ ਮੁੱਕ ਜਾਣਾ)

## ਕਿਹੜੀ ਕਲਮ ਨਾਲ ਮੈਂ ਤੈਨੂੰ ਪੈਗਾਮ ਲਿਖਾਂ ?

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਕਿਹੜੀ ਕਲਮ ਨਾਲ ਮੈਂ ਤੈਨੂੰ ਪੈਗਾਮ ਲਿਖਾਂ ?
ਦਿਲ ਦੇ ਵਰਕੇ ਉੱਤੇ ਤੇਰਾ ਨਾਮ ਲਿਖਾਂ।

ਤੂੰ ਹੈਂ ਇੱਕ ਪਰ ਤੇਰੇ ਨਾਮ ਅਨੇਕਾਂ ਨੇ,
ਅੱਲਾ, ਨਾਨਕ, ਗੋਬਿੰਦ ਜਾਂ ਫਿਰ ਰਾਮ ਲਿਖਾਂ ?
ਨੀਹਾਂ ਵਿੱਚ ਖਲੋ, ਜੋ ਸਿਦਕੋਂ ਡੋਲੇ ਨਾ,
ਕਲਮ ਨੂੰ ਕੰਬਣੀ ਛਿੜਦੀ, ਕਿੰਝ ਪ੍ਰਣਾਮ ਲਿਖਾਂ?

ਮੁਰਝਾਇਆ ਹਰ ਚਿਹਰਾ ਏਸ ਜ਼ਮਾਨੇ ਵਿੱਚ,
ਕਿਹੜੇ ਕਿਹੜੇ ਸ਼ਖਸ ਨੂੰ ਮੈਂ ਉਪਰਾਮ ਲਿਖਾਂ?




ਚਹੁੰ ਛਿੱਲੜਾਂ ਦੀ ਖਾਤਿਰ ਪਾਪ ਕਮਾਇਆ ਜਿਸ,
ਉਸ ਗੰਗੂ ਨੂੰ ਕਿਉਂ ਨਾ ਨਮਕ ਹਰਾਮ ਲਿਖਾਂ?

ਸਾਹਾਂ ਵਾਲੀ ਡੋਰ ਦਿਨੋ ਦਿਨ ਛਿੱਜ ਰਹੀ,
ਲੰਬੀ ਉਮਰਾਂ ਕਿ ਜੀਵਨ ਦੀ ਸ਼ਾਮ ਲਿਖਾਂ?

ਜਿੱਥੇ ਜਿੱਥੇ 'ਦੀਸ਼' ਗੁਰਾਂ ਨੇ ਪੈਰ ਧਰੇ,
ਉਹਨਾਂ ਥਾਵਾਂ ਨੂੰ ਹੀ ਮੈਂ ਗੁਰਧਾਮ ਲਿਖਾਂ।

# ਮਰਦ ਅਗੰਮੜਾ

ਸਰਦਾਰ ਜਗਬੀਰ ਸਿੰਘ ਕੋਹਲੀ, ਕੈਲਗਰੀ (ਕੈਨੇਡਾ)



ਦੂਜੇ ਦਾ ਸਿਰ ਓਹੀ ਮੰਗ ਸਕਦਾ ਹੈ ਜਿਸ ਦਾ ਆਪਣਾ ਸਿਰ ਤਲੀ ਤੇ ਹੋਵੇ। ਇਸ ਸਿਰ ਮੰਗਣ ਪਿਛੇ ਵੀ 200 ਤੋਂ ਵਧ ਸਾਲ ਦੀ ਲੰਮੀ ਘਾਲਣਾ ਅਤੇ ਦਾਸਤਾਨ ਸੀ। ਜਦ ਭਾਈ ਮਰਦਾਨੇ ਨੂੰ ਲੈ ਕੇ ਬਾਬਾ ਨਾਨਕ ਜੀ ਅਪਣੇ ਮਿਸ਼ਨ ਤੇ ਤੁਰੇ ਹੋਣਗੇ ਕਿਸੇ ਸੋਚਿਆ ਵੀ ਨਾ ਹੋਣਾ ਕਿ ਇਥੇ ਤਾਂ ਗਲ ਸਿਰਾਂ ਦੀ ਤੁਰਨ ਜਾ ਰਹੀ ਹੈ। ਰਬਾਬ ਦੀਆਂ ਧੁਨਾਂ ਵਿਚੋਂ ਇੰਨੇ ਸਿਰ ਪੈਦਾ ਹੋਣਗੇ ਕਿ ਮੁਕਣ ਵਿਚ ਈ ਨਾ ਆਓਣਗੇ।

ਸਿਰ ਮੰਗਣ ਵਾਲੇ ਦੇ ਬੋਲਾਂ ਵਿਚ ਅਜਿਹੀ ਅੱਗ ਸੀ ਕਿ ਅਵਾਜ ਸੁਣਕੇ ਹੀ ਮਾੜੇ ਬੰਦੇ ਦਾ ਦਿਲ ਦਹਿਲ ਜਾਏ। ਮਸੰਦਾਂ ਦਾ ਦਹਿਲ ਤਾਂ ਗਿਆ ਸੀ ਓਹ ਤਾਂ ਪਹਿਲੀ ਅਵਾਜ ਵੇਲੇ ਈ ਦੌੜ ਨਿਕਲੇ। ਮਾਤਾ ਆਹ ਦੇਖ ਲਾਡਲਾ ਤੇਰਾ ਸਿਰ ਵੱਢਣ ਤੁਰ ਪਿਆ ਈ। ਇਓਂ ਵੀ ਕੋਈ ਸਿਰ ਵੱਢਦਾ। ਜਗੋਂ ਤੇਰਵੀਂ ਹੋਣ ਲਗੀ ਊ। ਕਦੇ ਇਵੇਂ ਹੋਇਆ ਪਹਿਲਾਂ ? ਮੇਰੀ ਮਾਂ ਰੋਕ ਲੈ ਜੇ ਬਾਬਾ ਰੁਕਦਾ ਈ ਅਜ ਲਾਊ ਢੇਰ ਇਹ ਸਿਰਾਂ ਦੇ। ਹੁਣ ਤਕ ਤਾਂ ਪੰਡਾਲ ਲਹੂ ਲੁਹਾਨ ਕਰ ਛਡਿਆ ਹੋਣਾ। ਮਸੰਦ ਕੀ ਜਾਣਨ ਬਾਜਾਂ ਵਾਲੇ ਦੀਆਂ ਰਮਜਾਂ ਕਿ ਇਨਾ ਪੰਜ ਸਿਰਾਂ ਅਗੇ ਜਾ ਕੇ ਕਿਵੇਂ ਭਾਂਬੜ ਬਾਲਣੇ ਨੇ ਪੰਜਾਬ ਵਿਚ। ਇਨਾਂ ਸਿਰਾਂ ਨੇ ਬੜਾ ਲੰਮਾ ਪੈਂਡਾ ਤਹਿ ਕੀਤਾ ਅਤੇ ਕਰਦੇ ਰਹਿਣਗੇ। ਇਨਾਂ ਓਹ ਸੂਲਾਂ ਜਿੰਨਾ ਦੇ ਜੰਮਦਿਆਂ ਦੇ ਮੂੰਹ ਇਨੇ ਤਿਖੇ ਸਨ ਕਿ ਸੱਤ ਅਤੇ ਨੌਂ ਸਾਲ ਦੀ ਉਮਰੇ ਹੀ ਵਜੀਦੇ ਜਰਵਾਣੇ ਨੂੰ ਸਿਧੇ ਹੋ ਪਏ।

ਕਾਜੀ ਕਹਿੰਦਾ ਸ਼ਬੇਗ ਸਿਆਂ ਮੁੰਡਾ ਤੇਰਾ ਤਾਂ ਡਾਵਾਂ ਡੋਲ ਕਰ ਲਿਆ ਈ ਚਰਖੜੀ ਦੇ ਪਹਿਲੇ ਗੇੜੇ ਨੇ। ਮਿਲ ਕੇ ਪੁਛ ਲੈ। ਸਿੰਘ ਕਹਿੰਦਾ ਸਿਰਾਂ ਦੀ ਨੀਂਹ ਰਖੀ ਬਾਜਾਂ ਵਾਲੇ ਨੇ ਇਹ ਮਕਾਨ ਇਨੇ ਖੋਖਲੇ ਨਹੀਂ ਕਿ ਹਿੱਲ ਜਾਣ, ਚਾਹੇ ਪੁੱਠੀ ਖਲ ਲਾਹ। ਪੁਤ ਮੇਰਾ ਨਾ ਹਿੱਲੇਗਾ ਇਹ ਮੇਰਾ ਭਰੋਸਾ ਹੈ। ਪਟ ਤੇ ਰਖ ਤਿੰਨ ਸਾਲ ਦਾ ਬੰਦਾ ਸਿੰਘ ਦਾ ਪੁਤਰ ਜਦ ਜਲਾਦ ਚੀਰਨ ਲਗਾ ਤਾਂ ਕਾਜੀ ਕਹਿੰਦਾ ਬਚਾਓਂਨਾਂ ਤਾਂ ਹਾਲੇ ਵੇਲਾ ਈ ਬੰਦਾ ਸਿਆਂ। ਬੰਦਾ ਸਿੰਘ ਕਹਿੰਦਾ ਕਿਓਂ ਵਕਤ ਜ਼ਾਇਆ ਕਰਦਾਂ ਤੂੰ ਕਲੇਜੇ ਤੇ ਛੂਰੀ ਤਾਂ ਰੱਖ। ਇਨੀ ਪਕੀ ਨੀਂਹ ਕੋਈ ਮਰਦ ਅਗੰਮੜਾ ਹੀ ਰਖ ਸਕਦਾ ਸੀ ਜਿਹੜੀ ਬਾਜਾਂ ਵਾਲੇ ਨੇ ਰਖੀ। ਜਿਹੜੀ ਗੱਦਾਰੀਆਂ, ਝੱਖੜਾਂ ਅਤੇ ਹਨੇਰੀਆਂ ਦੇ ਵਿਚ ਵੀ ਨਹੀਂ ਹਿੱਲੀ ਅਤੇ ਜਦ ਅਵਾਜ ਪੈਂਦੀ ਪੰਜਾਬ ਸਿਰ ਤਲੀ ਤੇ ਲੈ ਕੇ ਆਣ ਹਾਜਰ ਹੁੰਦਾ।

## ਗੁਰੂ ਦਾ ਪੂਰਨ ਸਿੰਘ

ਸਰਦਾਰ ਗੁਰਭਜਨ ਸਿੰਘ ਗਿੱਲ, ਲੁਧਿਆਣਾ



ਗੁਰੂ ਨਾਨਕ ਦੀ ਬਾਣੀ ਜਿਸ ਦੇ ਸਾਹੀਂ ਤੁਰਦੀ।
ਗੁਰੂ ਅੰਗਦ ਦੀ ਸੇਵਾ-ਸ਼ਕਤੀ।
ਭਰ ਭਰ ਗਾਗਰ, ਕਈ ਕਈ ਸਾਗਰ।
ਦੀਨ ਦੁਖੀ ਦੀ ਪਿਆਸ ਬੁਝਾਈ।
ਅਮਰਦਾਸ ਗੁਰ ਕੋਲੋਂ ਉਸਨੇ ਲੰਗਰ ਲੈ ਕੇ,
ਰਾਮ ਦਾਸ ਦੀ ਧਰਤੀ ਤੇ ਸੇਵਾ ਵਰਤਾਈ।

ਅਰਜੁਨ ਗੁਰ ਤੋਂ ਸਿਦਕ ਸਬਰੀ।
'ਤੇਰਾ ਭਾਣਾ ਮੀਠਾ ਲਾਗੇ'।
ਚਰਨਾਮ੍ਰਿਤ ਵਿਚ ਭਗਤੀ ਲੈ ਕੇ,
ਅੰਮ੍ਰਿਤਸਰ ਵਿਚ ਡੇਰਾ ਲਾਇਆ।
ਦਸ ਗੁਰੂਆਂ ਦੀ ਬਖਸ਼ਿਸ਼ ਸਦਕਾ,
ਰਾਜੇਵਾਲ ਦਾ ਅਨਘੜ੍ਹ ਮੁੰਡਾ,
ਗੁਰੂ ਦਾ ਪੂਰਨ ਸਿੰਘ ਅਖਵਾਇਆ।

ਰੱਬ ਸੱਚੇ ਦੇ ਹੱਥੋਂ ਰਹੇ ਜੋ 'ਅੱਧ ਅਧੂਰੇ'।
ਉਨ੍ਹਾਂ ਦੀ ਸੇਵਾ ਵਿਚ ਆਪਣਾ ਜਨਮ
ਲਗਾਇਆ।ਤੇ ਇਕ ਐਸਾ ਦੀਪ ਜਗਾਇਆ।
ਜਿਸ ਨੇ ਨੇਰ੍ਹੀ ਰਾਤੇ ਸਾਡਾ ਰਾਹ ਰੁਸ਼ਨਾਇਆ।

ਪਿੰਗਲਵਾੜਾ ਸੇਵਾ ਅਤੇ ਸੰਭਾਲ ਦੇ ਕਾਰਨ,
ਅੱਜ ਬਣਿਆ ਇਕ ਐਸਾ ਘਰ ਹੈ।
ਜਿਵੇਂ ਪਵਿੱਤਰ ਰੱਬ ਦਾ ਦਰ ਹੈ।
ਲੂਲ੍ਹੇ ਲੰਗੜੇ, ਪਿੰਗਲੇ ਤੇ ਮੰਦ ਬੁੱਧੀ ਵਾਲੇ।
ਪੂਰਨ ਸਿੰਘ ਨੇ ਆਪ ਸੰਭਾਲੇ।
ਇਕੋ ਜਨਮ 'ਚ ਬਣਿਆ ਉਹ ਪਰਚੰਡ ਜਵਾਲਾ।
ਨਾ ਧਿਰਿਆਂ ਨੂੰ ਨਿੱਘ ਵੰਡਦਾ ਜਦ ਲੱਗਦਾ ਪਾਲਾ।

ਤੁਰਦਾ ਫਿਰਦਾ ਜਾਪੇ ਗਾਉਂਦਾ ਗੀਤ ਇਲਾਹੀ।
ਇਕੋ ਧੁਨ ਵਿਚ ਮਸਤ ਦੁਨੀ ਤੋਂ ਬੇਪ੍ਰਵਾਹੀ।
ਚੌਵੀ ਘੰਟੇ ਹੱਥ ਵਿਚ ਰੱਖਦਾ ਬਾਟਾ ਫੜਕੇ।
ਵੰਡਦਾ ਅੱਗੋਂ ਅੱਗੇ ਕਿਣਕਾ ਕਿਣਕਾ ਕਰਕੇ।

ਉਹ ਜਿੱਥੇ ਵੀ ਜਾਂਦਾ ਮੰਗਦਾ ਇੱਕੋ ਉੱਤਰ।
ਧਰਤੀ ਬਾਂਝ ਬਣਾ ਕੇ ਕਿਉਂ ਅਖਵਾਉਂਦੇ ਪੁੱਤਰ?
ਆਖੇ ਧਰਤੀ ਅੰਦਰ ਨਾ ਹੁਣ ਜ਼ਹਿਰ ਮਿਲਾਓ।
ਵਿਗਿਆਨਾਂ ਦੇ ਅੱਥਰੇ ਘੋੜੇ ਨੂੰ ਨੱਥ ਪਾਉ।
ਹੋ ਜਾਊ ਜ਼ਹਿਰੀਲਾ ਲੋਕੋ ਅੰਨ ਤੇ ਪਾਣੀ।
ਕਿਸੇ ਤੁਹਾਡੇ ਚੌਕੇ ਫਿਰ ਨਾ ਰੋਟੀ ਖਾਣੀ।

ਤੁਰਿਆ ਤੁਰਿਆ ਜਾਂਦਾ ਹੂੰਝੇ ਰਾਹ 'ਚੋਂ ਰੋੜੇ।
ਕੱਲ ਮੁ ਕੱਲਾ ਵਾਗ ਸਮੇਂ ਦੀ ਏਦਾਂ ਮੋੜੇ।

ਸਾਰੇ ਹਾੜ ਸਿਆਲ ਬਸੰਤਾਂ ਪੱਤਝੜ ਰੁੱਤੇ।
ਛਪੇ ਹੋਏ ਅਖ਼ਬਾਰ ਦੇ ਫਿੱਕੇ ਪੰਨਿਆਂ ਉੱਤੇ।
ਗਿਆਨ ਅਤੇ ਵਿਗਿਆਨ ਦੇ ਕਿਣਕੇ ਫਿਰ ਛਪਵਾਉਂਦਾ।
ਮੱਥੇ ਦੀ ਮਮਟੀ ਤੇ ਜਗਦੇ ਦੀਵੇ ਧਰਦਾ,
ਹਨੇਰ੍ਹ ਮਿਟਾਉਂਦਾ।

ਚੌਂਕ ਚੁਰਸਤੇ ਪਿੰਡੀਂ ਸ਼ਹਿਰੀਂ ਹੋਕਾ ਲਾਵੇ।
ਇਸ ਧਰਤੀ ਦਾ ਪੁੱਤਰ ਅਸਲੀ ਗੱਲ
ਸਮਝਾਵੇ। ਅੰਨ੍ਹੇ ਹੋ ਕੇ ਵਰਤੀ ਜਾਓ,
ਮੂਰਖ਼ ਲੋਕੋ ਜਿੱਸਰਾਂ ਪਾਣੀ।
ਉਹ ਦਿਨ ਵੀ ਹੁਣ ਦੂਰ ਨਹੀਂ ਹੈ
ਜਦ ਇਹ ਪੂੰਜੀ ਹੈ ਮੁੱਕ ਜਾਣੀ।

ਉਸ ਦੇ ਫ਼ਿਕਰ ਨਹੀਂ ਸਨ ਚਾਰ ਦੀਵਾਰੀ
ਵਾਲੇ।ਸਰੋਕਾਰ ਸਨ ਸੁੱਚੇ, ਪਰਉਪਕਾਰੀ
ਵਾਲੇ। ਉਸ ਨੇ ਇਹ ਵਿਸ਼ਵਾਸ ਗੁਰਾਂ ਤੋਂ
ਆਪ ਲਿਆ ਸੀ। ਦਰਦ ਕਿਸੇ ਦੇ ਬਾਪੂ ਦੀ
ਜਾਗੀਰ ਨਹੀਂ ਹੈ। ਸੇਵਾ ਖ਼ਾਤਰ ਕੋਈ ਵੀ
ਕਦਮ ਅਖ਼ੀਰ ਨਹੀਂ ਹੈ। ਉਸ ਨੂੰ ਸੀ ਵਿਸ਼ਵਾਸ
ਕਿ ਜਿਸ ਦੇ ਹੱਥ ਵਿਚ ਬਾਟਾ। ਉਸ ਨੂੰ
ਜ਼ਿੰਦਗੀ ਦੇ ਵਿਚ ਪੈਂਦਾ ਕਦੇ ਨਾ ਘਾਟਾ।

ਹਰਿਮੰਦਰ ਦੇ ਬੂਹੇ ਬਹਿੰਦਾ ਆਪ ਨਿਰੰਤਰ।
ਪਰ ਸੋਚਾਂ ਨੂੰ ਰੱਖਿਆ ਉਸਨੇ ਸਦਾ ਸੁਤੰਤਰ।
ਸਰਬ ਧਰਮ ਵਿਸ਼ਵਾਸੀ ਉਹਦੇ ਸਾਥੀ ਹੋਏ।
ਪਰ ਉਸ ਵਰਗਾ ਕਿਹੜਾ ਹੋਏ?

ਚਾਰ ਚੁਫੇਰਿਉਂ ਲੱਭਦਾ ਰਹਿੰਦਾ ਪੈਦਲ ਤੁਰਦਾ,
ਦੀਨ ਦੁਖੀ ਨੂੰ ਆਪਣੀ ਬੁੱਕਲ ਦੇ ਵਿਚ ਲੈਂਦਾ।
ਤੇ ਇਹ ਕਹਿੰਦਾ – ਗੁਰ ਦਾ ਸਿੱਖ ਜੇ ਕਰੇ
ਵਿਤਕਰਾ ਸਿੱਖ ਨਹੀਂ ਰਹਿੰਦਾ।ਸ਼ਬਦ ਚੇਤਨਾ,
ਵਿਦਿਆ ਦਾ ਵੀ ਜਾਪ ਜਪਾਉਂਦਾ। ਚਾਨਣ ਦਾ
ਦਰਿਆ, ਨੇਰ੍ਹੇ ਦੀ ਅਲਖ਼ ਮੁਕਾਉਂਦਾ।

ਹੁਕਮ ਹਕੂਮਤ ਦੋਹਾਂ ਤੋਂ ਹੀ ਵੱਖਰਾ ਰਹਿੰਦਾ।
ਜਬਰ ਜ਼ੁਲਮ ਨੂੰ ਤੱਕ ਕੇ ਉਹ ਮੂੰਹ ਆਈ
ਕਹੰਦਾ।ਕੁਰਸੀ ਦੀ ਉਹ ਧੌਂਸ ਕਦੇ ਇਕ ਪਲ
ਨਾ ਸਹਿੰਦਾ। ਖੱਦਰਧਾਰੀ, ਰੇਸ਼ਮ ਦਿਲ ਮਨ
ਤੋਂ ਨਹੀਂ ਲਹਿੰਦਾ।

ਇੱਕੋ ਨਾਅਰਾ ਲਾਉਂਦਾ, ਸੁਣਿਓਂ ਭੈਣਭਰਾਉ।
ਮੈਂ ਜਿਸ ਮਾਰਗ ਤੁਰਿਆਂ ਮੇਰੇ ਮਗਰੇ ਆਉ।
ਮੇਰਾ ਮੁਰਸ਼ਦ ਨਾਨਕ ਉਸ ਦਾ ਵੰਸ਼ ਧਾਉ।
ਨੇਕੀ ਦੇ ਹਰ ਚੌਂਕ ਚੁਰਸਤੇ ਬਿਰਖ਼ ਲਗਾਉ।

ਸੇਵਾ ਸਿਮਰਨ ਸ਼ਕਤੀ ਦੇ ਸੰਗ ਰਿਸ਼ਤਾ ਜੋੜੋ।
ਕਾਮ ਕਰੋਧੀਓ, ਮੋਹ ਦੇ ਬੰਧਨ ਲਾਲਚ ਤੋੜੋ।
ਲੋਭੀ ਮਨ ਨੂੰ ਵਰਜੋ ਸਿੱਧੇ ਰਾਹ ਤੇ ਮੋੜੋ।ਜੋ
ਗੁਰ ਦੱਸਿਆ ਭਲਾ ਸਰਬ ਦਾ ਹਰ ਪਲ ਲੋੜੋ।

# ਸੰਤ ਸਿਪਾਹੀ : ਭਾਈ ਮਹਾਰਾਜ ਸਿੰਘ

ਭਾਈ ਮਹਾਰਾਜ ਸਿੰਘ ਇੱਕ ਕ੍ਰਾਂਤੀਕਾਰੀ ਸਿੱਖ ਸਨ ਜਿਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਦੇ ਪਹਿਲੇ ਸ਼ਹੀਦ ਸਿੰਘ ਕਿਹਾ ਜਾਂਦਾ ਹੈ। ਉਨ੍ਹਾਂ ਨੇ ਪਹਿਲੀ ਐਂਗਲੋ-ਸਿੱਖ ਜੰਗ (**First Anglo-Sikh War: 1845-46**) ਤੋਂ ਬਾਅਦ ਪੰਜਾਬ ਵਿੱਚ ਬ੍ਰਿਟਿਸ਼ ਵਿਰੋਧੀ ਲਹਿਰ ਦੀ ਅਗਵਾਈ ਕੀਤੀ। ਇੱਕ ਫੌਜੀ ਕੈਂਪ ਸਥਾਪਤ ਕੀਤਾ ਜਿਸ ਵਿੱਚ ਘੋੜਸਵਾਰਾਂ ਦੀ ਵੱਡੀ ਟੁਕੜੀ ਸੀ, ਜੋ ਰਾਜਨੀਤਿਕ ਸ਼ਰਨਾਰਥੀਆਂ ਅਤੇ ਆਜ਼ਾਦੀ ਘੁਲਾਟੀਆਂ ਲਈ ਇੱਕ ਪਨਾਹਗਾਹ ਸੀ। ਇਹ ਹੀਰਾ ਸਿੰਘ ਡੋਗਰਾ ਦੇ ਵਿਰੁੱਧ ਸਿੱਖ ਵਿਦਰੋਹ ਦਾ ਕੇਂਦਰ ਸੀ ਜਿਸਨੇ 1844 ਵਿੱਚ 20,000 ਫੌਜਾਂ ਅਤੇ 50 ਤੋਪਾਂ ਨਾਲ ਉਹਨਾਂ ਉੱਤੇ ਹਮਲਾ ਕੀਤਾ ਸੀ। ਕਈ ਸੌ ਸਿੱਖ ਮਾਰੇ ਗਏ। ਦੂਜੀ ਐਂਗਲੋ-ਸਿੱਖ ਜੰਗ ਦੌਰਾਨ ਉਨ੍ਹਾਂ ਨੇ ਸਿੱਖ ਫੌਜ ਲਈ ਪ੍ਰੇਰਨਾ ਅਤੇ ਸਪਲਾਈ ਪ੍ਰਦਾਨ ਕੀਤੀ। ਉਦੇਸ਼ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦੇ ਕਿਲ੍ਹੇ ਤੋਂ ਛੁਡਾਉਣਾ, ਬ੍ਰਿਟਿਸ਼ ਵਿਰੋਧੀ ਤਾਕਤਾਂ ਨੂੰ ਇਕਜੁੱਟ ਕਰਨਾ ਅਤੇ ਬ੍ਰਿਟਿਸ਼ ਖਜ਼ਾਨਿਆਂ ਅਤੇ ਛਾਉਣੀਆਂ 'ਤੇ ਹਮਲੇ ਕਰਨਾ ਸੀ।

ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਦੁਆਰਾ ਉਸਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਉਸ 'ਤੇ ਬ੍ਰਿਟਿਸ਼ ਅਫਸਰ ਹੈਨਰੀ ਲਾਰੈਂਸ (Henry Lawrence) ਦੀ ਹੱਤਿਆ ਦੀ ਯੋਜਨਾ ਵਿਚ ਸ਼ਾਮਲ ਹੋਣ ਦਾ ਸ਼ੱਕ ਸੀ। ਸਰਕਾਰ ਨੇ ਉਸ ਦੀ ਅੰਮ੍ਰਿਤਸਰ ਵਿਖੇ ਜਾਇਦਾਦ ਜ਼ਬਤ ਕਰ ਲਈ ਅਤੇ ਉਸ ਦੀ ਗ੍ਰਿਫਤਾਰੀ ਲਈ ਇਨਾਮ ਦਾ ਐਲਾਨ ਕੀਤਾ।



ਸਨ 1948 ਵਿਚ ਉਹ ਅੰਗਰੇਜ਼ਾਂ ਖਿਲਾਫ ਯੋਜਨਾਵਾਂ ਬਣਾਉਣ ਲਈ ਹਜ਼ਾਰਾ ਦੇ ਸਰਦਾਰ ਚਤਰ ਸਿੰਘ ਅਟਾਰੀਵਾਲਾ ਨੂੰ ਮਿਲਣ 400 ਘੋੜ ਸਵਾਰ ਲੈ ਕੇ ਗਏ। ਉਹ ਰਾਮਨਗਰ ਵਿਖੇ ਰਾਜਾ ਸ਼ੇਰ ਸਿੰਘ ਦੀਆਂ ਫ਼ੌਜਾਂ ਦੇ ਨਾਲ ਚੇਲਿਆਂਵਾਲਾ ਅਤੇ ਗੁਜਰਾਤ ਦੀਆਂ ਲੜਾਈਆਂ ਵਿਚ ਲੜੇ। ਪਰ ਰਾਜਾ ਸ਼ੇਰ ਸਿੰਘ ਨੇ ਮਾਰਚ 1849 ਵਿਚ ਰਾਵਲਪਿੰਡੀ ਵਿਖੇ ਅੰਗਰੇਜ਼ਾਂ ਅੱਗੇ ਸਮਰਪਣ ਕਰ ਦਿੱਤਾ। ਸਰਦਾਰ ਮਹਾਰਾਜ ਸਿੰਘ ਨੇ ਇਕੱਲੇ ਹੀ ਲੜਾਈ ਜਾਰੀ ਰੱਖੀ। ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਚੇਲੇ ਸਰਦਾਰ ਖੜਕ ਸਿੰਘ ਦੇ ਨਾਲ ਸਿੰਗਾਪੁਰ ਭੇਜ ਦਿੱਤਾ ਗਿਆ, ਜਿੱਥੇ ਕਈ ਸਾਲਾਂ ਦੀ ਇਕਾਂਤ ਕੈਦ ਤੋਂ ਬਾਅਦ, 5 ਜੁਲਾਈ 1856 ਨੂੰ ਉਨ੍ਹਾਂ ਦੀ ਮੌਤ ਹੋ ਗਈ। ਭਾਈ ਮਹਾਰਾਜ ਸਿੰਘ ਉਸ ਜੱਥੇਬੰਦੀ ਦੇ ਮੁਖੀ ਸਨ ਜਿਸਨੂੰ ਹੁਣ ਹੋਤੀ ਮਰਦਾਨ ਵਾਲੀ ਸੰਤ ਖਾਲਸਾ ਸੰਪਰਦਾਇ ਕਿਹਾ ਜਾਂਦਾ ਹੈ।

ਸਰਦਾਰਨੀ ਨਰਿੰਦਰ ਕੌਰ, ਕੈਲਗਰੀ (ਕੈਨੇਡਾ)

# ਸਾਨੂੰ ਇਨ੍ਹਾਂ ਤੇ ਮਾਣ ਹੈ

## ਸ੍ਰੀ ਦਰਬਾਰ ਸਾਹਿਬ ਦੀ ਫੁੱਲਾਂ ਦੀ ਸੇਵਾ




### ਸ੍ਰੀ ਕੇ. ਕੇ. ਸ਼ਰਮਾ ਜੀ ਦੀ ਫੁਲਾਂ ਦੀ ਸੇਵਾ

ਮੁੰਬਈ ਤੋਂ ਸ੍ਰੀ ਕੇ. ਕੇ. ਸ਼ਰਮਾ ਜੀ ਲਗਾਤਾਰ ਪਿਛਲੇ ਪੰਜ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਤੇ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ ਫੁੱਲਾਂ ਨਾਲ ਸਜਾਵਟ ਦੀ ਸੇਵਾ ਕਰ ਰਹੇ ਹਨ । ਇਸ ਲਈ ਇਹ ਸਜਾਵਟ ਕਰਨ ਵਾਲੇ ਕਾਰੀਗਰ ਅਤੇ ਵੱਡੀ ਮਾਤਰਾ ਵਿਚ  ਫੁੱਲ ਨਾਲ ਲੈ ਕੇ ਮੁੰਬਈ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਆਉਂਦੇ ਹਨ । ਇਸ ਨਿਸ਼ਕਾਮ ਸੇਵਾ ਬਾਰੇ ਇਹ ਕਹਿੰਦੇ ਹਨ: "ਸੇਵਕ ਕਉ ਸੇਵਾ ਬਨਿ ਆਈ"।






https://www.youtube.com/watch?v=9b_ptoNrcQc

**We are proud of**

**Dr. Sardar Arvinder Singh Soin**

**A Pioneer Hepato-biliary and Liver Transplant Surgeon of India**

Dr. Arvinder Singh Soin, a renowned hepato-biliary and liver transplant surgeon is recognized for his pioneering work in liver transplantation in India. Born on the 5th of January, 1963, in Birmingham (UK), he earned his MBBS and MS from All India Institute of Medical Sciences (AIIMS), New Delhi, and FRCS from Glasgow and Edinburgh. He had specialized training in Liver and Gastrointestinal Surgery at the University of Cambridge and University of Birmingham.



Presently, Dr Arvinder Singh Soin is Chairman of the Institute of Liver Transplantation and Regenerative Medicine at Medanta-The Medicity, Gurgaon, Delhi-NCR and the Chief Consultant of many renowned hospitals in India. Dr. Soin is a Mentor of India's largest and one of the worlds most successful liver transplant program and the Department of Hepato-Pancreatic-Biliary (HPB) Surgery at the Reliance Foundation Hospital and Research Centre. Dr Soin was a Surgical Tutor at the University of Cambridge, a visiting fellow at the Kyoto University Hospital and Asan Medical Center, Seoul. He is visiting faculty at Istanbul in Turkey and Asia Pacific Organ Transplant Forum, and Member of the Indian National Advisory Board in Liver Transplantation.

Dr Soin has performed over 3,500 liver transplants, the highest in India and the second-highest in the world. He has established major liver transplant centers at Apollo Hospital and several other hospitals in India. He has published about 200 research papers and book chapters. Besides, he delivered more than 1000 Lectures in this field in conferences all over the world. He was awarded *Padma Shri* by the Government of India in 2010 and several other prestigious professional awards for having significantly advanced successful liver transplantation in India.

## VIP Visitors to Calgary (Canada)

World-famous *Panthak Kavi* Punjabi Poet Sardar Karamjit Singh Noor (and Mrs Amritpal Kaur Noor, a distinguished Writer), visited Calgary on the 20th of July 2024 to deliver Lectures at The Dasmesh Cultural Centre. They presented a set of their recent books to Dr Raja Balraj Singh Founder-President of Calgary E-Diwan (on the right) and Prof. Dr Surjit Singh Bhatti, Editor of 'Sanjhi Virasat'.




**Sardar Karamjit Singh Noor** retired from Punjab State Electricity Board in 2008 as Executive Engineer (XEN). He has published eight collections of poetry books. His works have been published in *'Gurmat Prakash'*, *'Gurmat Gyan'*, 'Sikh *Phulwari*', *'Sada Virsa Sada Gaurav'* (Guru Gobind Singh Study Circle, Ludhiana, where he was Vice-President and Secretary) and in many other Punjabi magazines. He received numerous honors at *Kavi Darbars* and *Hola Mohalla* and other Events in UK, US, Canada, India and Pakistan. He was awarded the prestigious Pritam Singh *Kasad* Memorial Award at Delhi. He conducted poetry programs on All India Radio and *Doordarshan* Jalandhar and is at present the President of Shri Dasmesh International Punjabi Kavi Sabha.

💪💪ਖਾਲਸੇ ਦੀਆਂ ਆਸਟ੍ਰੇਲੀਆ ਵਿੱਚ ਧੁੱਮਾਂ
#ਬੱਲੇ ਓਹ ਯੋਧਿਆ ਨਹੀਂ ਰੀਸਾਂ
✍️💪👌ਮਾਸਟਰ games ਆਸਟ੍ਰੇਲੀਆ ਵਿਖੇ weight lifting ਵਿੱ
ਗੋਲ੍ਡ ਮੈਡਲ ਜੇਤੂ ਟਾਂਡੇ ਪਿੰਡ ਰੜੇ ਦਾ lifter ਸ੍ ਸ਼ਰਨਜੀਤ ਸਿੰਘ ਜੱਸੀ!ਬਹੁ
-ਬਹੁਤ ਮੁਬਾਰਕਾਂ ਛੋਟੇ ਵੀਰ, ਤੂੰ ਟਾਂਡੇ ਦਾ ਨਾਮ ਰੋਸ਼ਨ ਕੀਤਾ!!ਜਾਣਕਾਰੀ
ਮਨਜੀਤ ਸਿੰਘ ਟਾਂਡਾ👍👍🌹🌹




**(ਸੰਯੋਜਕ : ਵਿਦਿਆਰਥੀ ਰਣਸ਼ੇਰ ਰਾਜ ਸਿੰਘ, ਕੈਲਗਰੀ)**

# ਆਦਿ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਆਦਿ ਬੀੜ (ਪੋਥੀ ਸਾਹਿਬ) ਦੇ ਤਿੰਨ ਪ੍ਰਮੁੱਖ ਸੰਸਕਾਰ ਹਨ; ਕਰਤਾਰਪੁਰੀ ਬੀੜ (ਭਾਈ ਗੁਰਦਾਸ ਵਾਲੀ ਬੀੜ), ਭਾਈ ਬੰਨੋ ਵਾਲੀ ਬੀੜ ਅਤੇ ਦਮਦਮੀ ਬੀੜ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ 1604 ਈਸਵੀ ਵਿੱਚ ਇਸ ਦਾ ਮੂਲ ਸੰਸਕਰਣ ਸੰਕਲਿਤ ਕੀਤਾ ਸੀ। ਭਾਈ ਗੁਰਦਾਸ ਜੀ ਨੂੰ ਇਸ ਪਵਿੱਤਰ ਗ੍ਰੰਥ ਲਈ ਗੁਰੂ ਦੇ ਲਿਖਾਰੀ ਵਜੋਂ ਚੁਣਿਆ ਗਿਆ ਸੀ। ਇਹ ਮੂਲ ਸੰਸਕਰਣ 'ਪੋਥੀ ਸਾਹਿਬ' ਵਜੋਂ ਜਾਣਿਆ ਜਾਂਦਾ ਸੀ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ, ਵਿਖੇ ਸਥਾਪਿਤ ਕੀਤਾ ਗਿਆ ਸੀ। ਇਸ ਦੀ ਅਸਲ ਕਾਪੀ ਛੇਵੇਂ ਪਾਤਸ਼ਾਹ, ਗੁਰੂ ਹਰਗੋਬਿੰਦ ਸਾਹਿਬ, ਅਤੇ ਫਿਰ ਉਨ੍ਹਾਂ ਦੇ ਪੋਤਰੇ, ਧੀਰ ਮੱਲ ਕੋਲ ਚਲੀ ਗਈ। ਧੀਰ ਮੱਲ ਦਾ ਇਰਾਦਾ ਗੁਰਗੱਦੀ 'ਤੇ ਆਪਣੇ ਦਾਅਵਿਆਂ ਲਈ ਇਸਦੀ ਵਰਤੋਂ ਕਰਨਾ ਸੀ।

ਮੂਲ 'ਪੋਥੀ ਸਾਹਿਬ' ਕਰਤਾਰਪੁਰੀ ਬੀੜ ਵਜੋਂ ਜਾਣੀ ਜਾਂਦੀ ਹੈ। ਸੰਭਾਵਤ ਤੌਰ 'ਤੇ ਹੁਣ ਇਹ ਧੀਰ ਮੱਲ ਦੇ ਪਰਿਵਾਰ, ਕਰਤਾਰਪੁਰ ਦੇ ਸੋਢੀਆਂ, ਕੋਲ ਹੈ। ਕੁਝ ਸਿੱਖ ਗ੍ਰੰਥਾਂ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਅਰਜਨ ਸਾਹਿਬ ਨੇ ਇਹ ਮੂਲ ਗ੍ਰੰਥ ਭਾਈ ਬੰਨੋ ਨੂੰ ਜਿਲਦ ਬੰਨ੍ਹਣ ਲਈ ਦਿੱਤਾ ਸੀ। ਉਹ ਇਸ ਨੂੰ ਲਾਹੌਰ ਲੈ ਗਏ ਅਤੇ ਰਸਤੇ ਵਿਚ ਇਸ ਤੋਂ ਇਕ ਹੋਰ ਬੀੜ ਤਿਆਰ ਕੀਤੀ, ਜਿਸ ਨੂੰ ਹੁਣ ਭਾਈ ਬੰਨੋ ਵਾਲੀ ਬੀੜ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਉਸਦੇ ਵੰਸ਼ਜਾਂ ਦੇ ਕਬਜ਼ੇ ਵਿੱਚ ਹੈ।

ਤਲਵੰਡੀ ਸਾਬੋ, ਦਮਦਮਾ ਸਾਹਿਬ ਵਿੱਚ ਆਪਣੇ ਨਿਵਾਸ ਦੌਰਾਨ, ਗੁਰੂ ਗੋਬਿੰਦ ਸਿੰਘ ਸਾਹਿਬ ਨੇ 1706 ਈਸਵੀ ਵਿੱਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਦੀ ਮਦਦ ਨਾਲ ਇਸ ਬੀੜ ਦੀ ਸੰਪੂਰਨਤਾ ਕੀਤੀ। ਇਸ ਵਿੱਚ ਮੂਲ ਆਦਿ ਬੀੜ ਵਿੱਚ ਮੌਜੂਦ ਬਾਣੀ ਦੇ ਨਾਲ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਸ਼ਾਮਲ ਹੈ। ਇਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਕਿਉਂਕਿ ਛਪਾਈ ਜਾਂ ਹੋਰ ਵਿਧੀਆਂ ਉਪਲਬਧ ਨਹੀਂ ਸਨ, ਕੁਝ ਸ਼ਰਧਾਲੂਆਂ ਨੇ ਗੁਰੂ ਜੀ ਦੀ ਪ੍ਰਵਾਨਗੀ ਦੇ ਬਗੈਰ, ਹੱਥ-ਲਿਖਤ ਬੀੜਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਹਿਲੀ ਹੱਥ-ਲਿਖਤਾਂ ਦੀ ਸੂਚੀ ਸਰਦਾਰ ਜੀ.ਬੀ. ਸਿੰਘ ਨੇ ਬਣਾਈ ਜਦੋਂ ਢਾਕਾ ਦੇ ਸਿੱਖਾਂ ਨੇ ਉਹਨਾਂ ਨੂੰ 1915 ਵਿਚ ਗੁਰੂ ਤੇਗ ਬਹਾਦਰ ਜੀ ਦੇ ਕੁਝ ਹੁਕਮਨਾਮੇ ਭੇਟ ਕੀਤੇ। ਉਸ ਵਿਚ ਕਰਤਾਰਪੁਰੀ ਬੀੜ, ਦਮਦਮੀ ਬੀੜ, ਬੰਨੋ ਦੀ ਬੀੜ, ਅਤੇ ਕੁਝ ਹੋਰ ਦਾ ਜ਼ਿਕਰ ਹੈ। ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਕੋਲ ਭਾਈ ਬੰਨੋ ਵਾਲੀ ਬੀੜ ਦੇ ਛੇ ਖਰੜੇ ਹਨ।

ਗੁਰੂ ਹਰਗੋਬਿੰਦ ਸਾਹਿਬ ਦੇ ਕੀਰਤਪੁਰ ਜਾਣ ਤੋਂ ਬਾਅਦ ਆਦਿ ਬੀੜ ਧੀਰ ਮੱਲ ਕੋਲ ਰਹਿ ਗਈ। ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਗੁਰੂ ਵਿਰੋਧੀ ਮੀਣੇ ਸੰਪਰਦਾ ਦਾ ਕਬਜ਼ਾ ਸੀ। ਇਨ੍ਹਾਂ ਦੇ ਆਗੂਆਂ ਪ੍ਰਿਥੀ ਚੰਦ ਅਤੇ ਉਸ ਦੇ ਪੁੱਤਰ ਮੇਹਰਬਾਨ ਨੇ 'ਨਾਨਕ' ਦੇ ਨਾਂ ਨਾਲ ਆਪਣੀਆਂ ਰਚਨਾਵਾਂ ਨੂੰ ਮੂਲ ਗ੍ਰੰਥ ਵਿੱਚ ਦਰਜ ਕਰਨ ਦੀ ਕੋਸ਼ਿਸ਼ ਕੀਤੀ।

ਮੀਣਿਆਂ ਵਲੋਂ ਮੀਰਾ ਬਾਈ ਅਤੇ ਕੁਛ ਭਗਤਾਂ ਦੀਆਂ ਰਚਨਾਵਾਂ ਵਿਚ ਪਾਈਆਂ ਗਈਆਂ। ਸਿੱਖ ਗੁਰੂਆਂ ਦੇ ਨਾਵਾਂ ਹੇਠ ਕੁਝ ਮਨਘੜਤ ਰਚਨਾਵਾਂ ਵੀ ਵਿਚ ਪਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸ਼ਾਮ ਦੀ ਬਾਣੀ (ਰਹਿਰਾਸ ਸਾਹਿਬ) ਵਿੱਚ ਕੁੱਲ ਗਿਣਤੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਸਥਾਨ ਨੂੰ ਲੈ ਕੇ ਵੀ ਮਤਭੇਦ ਪੈਦਾ ਕੀਤੇ ਗਏ। ਇਸ ਤਰ੍ਹਾਂ ਕਈ ਸ਼ੰਕੇ ਪੈਦਾ ਹੋਏ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਦਿ ਬੀੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਧੀਰ ਮੱਲ ਦੇ ਵੰਸ਼ਜਾਂ ਨੇ ਇਸ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ, ਗੁਰੂ ਸਾਹਿਬ ਨੇ ਇਸ ਗ੍ਰੰਥ ਨੂੰ ਮੁੜ ਸੰਪਾਦਿਤ ਕਰਨ ਦਾ ਕੰਮ ਸ਼ੁਰੂ ਕੀਤਾ। ਦਸਮੇਸ਼ ਜੀ ਪਹਿਲੇ ਨੌਂ ਸਿੱਖ ਗੁਰੂਆਂ ਦੀ ਜੋਤ ਰੂਪ ਸੀ ਅਤੇ ਇੱਕ ਸ਼ਾਨਦਾਰ ਯਾਦਦਾਸ਼ਤ ਵਾਲੇ ਮਹਾਨ ਵਿਦਵਾਨ ਸੀ।

ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਭਵਿੱਖ ਦੀਆਂ ਸਾਰੀਆਂ ਬੀੜਾਂ ਇਸ ਪ੍ਰਮਾਣਿਕ ਬੀੜ ਤੋਂ ਲਿਖੀਆਂ ਜਾਣ। ਉਨ੍ਹਾਂ ਨੇ ਪਹਿਲਾਂ ਲਿਖੀਆਂ ਕੁਝ ਹੱਥ-ਲਿਖਤਾਂ ਵਿੱਚ ਜਾਅਲੀ ਬਾਣੀ ਨੂੰ ਕੱਢ ਦਿੱਤਾ। ਇਸ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਅਕਤੂਬਰ 1708 ਵਿੱਚ ਨਾਂਦੇੜ ਵਿਖੇ ਉਹਨਾਂ "ਸਦੀਵੀ ਗੁਰੂ" ਦਾ ਦਰਜਾ ਪ੍ਰਦਾਨ ਕੀਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੁਝ ਸਲੋਕਾਂ ਨੂੰ ਦੋਬਾਰਾ ਵਿਵਸਥਿਤ ਕੀਤਾ। ਉਨ੍ਹਾਂ ਵਿਚੋਂ ਇੱਕ ਸਲੋਕ ਇਹ ਸੀ:

'ਬਲੁ ਹੋਆ ਬੰਧਨ ਛੁਟੇ' ਜੋ ਮਹੱਲਾ ਦਸਵਾਂ ਲਿਖਿਆ ਗਿਆ ਸੀ। ਇਹ ਨੌਂਵੇਂ ਮਹੱਲੇ ਦੇ ਸਲੋਕਾਂ ਵਿੱਚ ਸ਼ਾਮਲ ਕੀਤਾ ਗਿਆ। ਨੌਂਵੇਂ ਗੁਰੂ ਦੇ ਰਾਗ 31-ਵੇਂ ਨਾਮ ਦੀ ਬਾਣੀ ਰਾਗ ਜੈ ਜੈਵੰਤੀ ਵਿੱਚ ਨਿਰਧਾਰਤ ਕੀਤੀ ਗਈ ਸੀ। ਆਦਿ ਬੀੜ ਦੀ ਤਰ੍ਹਾਂ 'ਰਾਗ ਮਾਲਾ' ਅੰਤ ਵਿੱਚ ਨਿਰਧਾਰਤ ਕੀਤੀ ਗਈ।ਉਨ੍ਹਾਂ ਨੇ 'ਸੋ ਪੁਰਖ' ਅਧੀਨ ਚਾਰ ਸਲੋਕ ਜੋੜ ਕੇ ਰਹਿਰਾਸ ਸਾਹਿਬ ਬਾਣੀ ਨੂੰ ਸੰਪੂਰਨ ਕੀਤਾ।

ਦਮਦਮੀ ਬੀੜ ਦੀ ਸੰਪੂਰਨਤਾ 'ਤੇ ਗੁਰੂ ਗੋਬਿੰਦ ਸਾਹਿਬ ਨੇ ਸਿੱਖ ਧਰਮ ਦੇ ਅਧਿਐਨ ਲਈ "ਦਮਦਮਾ ਸਾਹਿਬ" ਨੂੰ ਗੁਰੂ ਕੀ ਕਾਸ਼ੀ ਘੋਸ਼ਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਉਤਾਰੇ ਬਾਬਾ ਦੀਪ ਸਿੰਘ ਦੁਆਰਾ ਲਿਖੇ ਗਏ। ਇਹ ਬੀੜਾਂ ਅੰਮ੍ਰਿਤਸਰ, ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਭੇਜੀਆਂ ਗਈਆਂ ਸਨ। ਇਸ ਤੋਂ ਬਾਅਦ ਗੁਰੂ ਸਾਹਿਬ ਦੱਖਣ ਵੱਲ ਰਵਾਨਾ ਹੋ ਗਏ। ਅੰਤ ਸਮੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ 1708 ਵਿੱਚ ਆਪਣੇ ਅਧਿਕਾਰਤ ਉੱਤਰਾਧਿਕਾਰੀ ਵਜੋਂ (ਦਮਦਮੀ ਬੀੜ ਤੋਂ) ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ।

ਹਵਾਲੇ:

(ਭਾਸ਼ਾ ਵਿਭਾਗ ਪੰਜਾਬ, ਪਟਿਆਲਾ)

1. ਗਿਆਨੀ ਗਿਆਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼
2. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼
3. ਪ੍ਰੋ: ਸਾਹਿਬ ਸਿੰਘ, ਆਦਿ ਬੀੜ ਬਾਰੇ।

## ਭਾਈ ਕਾਨ੍ਹ ਸਿੰਘ ਨਾਭਾ (30 ਅਗੱਸਤ 1861 – 24 ਨਵੰਬਰ 1938)



ਭਾਈ ਕਾਨ੍ਹ ਸਿੰਘ ਨਾਭਾ ਇੱਕ ਮਹਾਨ ਵਿਦਵਾਨ ਲੇਖਕ ਸਨ। ਉਨਾਂ ਦੀ ਰਚਨਾ, ਮਹਾਨ ਕੋਸ਼, ਨੇ ਉਸ ਤੋਂ ਬਾਅਦ ਦੇ ਵਿਦਵਾਨਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਸਿੰਘ ਸਭਾ ਲਹਿਰ ਵਿੱਚ ਵੀ ਭੂਮਿਕਾ ਨਿਭਾਈ। ਉਨਾਂ ਦਾ ਜਨਮ ਉਸ ਸਮੇਂ ਦੀ ਪਟਿਆਲਾ ਰਿਆਸਤ ਵਿੱਚ ਸਰਦਾਰ ਨਰਾਇਣ ਸਿੰਘ ਨਾਭਾ ਦੇ ਘਰ ਹੋਇਆ ਜੋ ਇੱਕ ਗੁਰਦੁਆਰਾ ਸਾਹਿਬ ਦੇ ਮੁਖੀ ਸਨ।

ਉਨਾਂ ਨੇ ਸੰਸਕ੍ਰਿਤ, ਫਾਰਸੀ, ਪੰਜਾਬੀ, ਹਿੰਦੀ ਅਤੇ ਸੰਗੀਤ ਦਾ ਅਧਿਐਨ ਕੀਤਾ। ਦਸ ਸਾਲ ਦੀ ਉਮਰ ਤੱਕ ਉਹ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਪੜ੍ਹ ਚੁਕੇ ਸਨ। ਉਨ੍ਹਾਂ ਸਿੰਘ ਸਭਾ ਲਹਿਰ ਦੇ ਇੱਕ ਆਗੂ ਸਰਦਾਰ ਗੁਰਮੁਖ ਸਿੰਘ ਦੀ ਸਹਾਇਤਾ ਕੀਤੀ। ਸਨ 1887 ਵਿਚ ਉਨਾਂ ਨੂੰ ਨਾਭਾ ਰਿਆਸਤ ਦੇ ਵਾਰਸ, ਰਾਜਾ ਰਿਪੁਦਮਨ ਸਿੰਘ ਦੇ ਉਸਤਾਦ ਬਣਾਇਆ ਗਿਆ।

ਉਹ 1896 ਵਿੱਚ ਡਿਪਟੀ ਕਮਿਸ਼ਨਰ ਅਤੇ 1911 ਤਕ ਵਿਦੇਸ਼ ਮੰਤਰੀ ਬਣੇ। ਫਿਰ ਮਹਾਰਾਜਾ ਹੀਰਾ ਸਿੰਘ ਦੇ ਨਿੱਜੀ ਸਕੱਤਰ, 1912 ਵਿੱਚ ਹਾਈ ਕੋਰਟ ਦੇ ਜੱਜ ਤੇ ਹੋਰ ਕਈ ਅਹੁਦਿਆਂ 'ਤੇ ਨਾਭਾ ਰਿਆਸਤ ਦੇ ਨਾਲ ਪਟਿਆਲੇ ਦੀ ਸੇਵਾ ਕੀਤੀ। 1885 ਵਿੱਚ ਉਨ੍ਹਾਂ ਨੇ ਮੈਕਸ ਆਰਥਰ ਮੈਕੌਲਿਫ ਨਾਲ ਇੱਕ ਮੁਲਾਕਾਤ ਹੋਈ ਅਤੇ ਦੋਵਾਂ ਵਿਚਕਾਰ ਜੀਵਨ ਭਰ ਦਾ ਵਿਦਵਤਾਪੂਰਨ ਸਹਿਯੋਗ ਬਣਿਆ।

ਮੈਕੌਲਿਫ "ਦਿ ਸਿੱਖ ਰਿਲੀਜਨ" ਲਈ ਭਾਈ ਕਾਨ੍ਹ ਸਿੰਘ ਤੇ ਬਹੁਤ ਨਿਰਭਰ ਰਿਹਾ ਅਤੇ ਉਨ੍ਹਾਂ ਨੂੰ ਇਸ ਦਾ ਕਾਪੀਰਾਈਟ ਸੌਂਪਿਆ। ਉਨ੍ਹਾਂ ਦੇ ਮਹਾਂਕੋਸ਼, ਗੁਰਮਤਿ ਪ੍ਰਭਾਕਰ ਅਤੇ ਗੁਰਮਤਿ ਸੁਧਾਕਰ ਸਿੱਖੀ ਦੇ ਮਿਆਰੀ ਮਾਰਗ-ਦਰਸ਼ਕ ਅਤੇ ਐਨਸਾਈਕਲੋਪੀਡੀਆ ਹਨ। ਉਨ੍ਹਾਂ 'ਖਾਲਸਾ ਗਜ਼ਟ' ਮੈਗਜ਼ੀਨ ਵੀ ਪ੍ਰਕਾਸ਼ਿਤ ਕੀਤਾ ਜੋ 'ਖਾਲਸਾ ਅਖਬਾਰ' ਦੇ ਸੰਸਥਾਪਕਾਂ ਵਿੱਚੋਂ ਇੱਕ ਸੀ। ਉਨ੍ਹਾਂ ਦੀਆਂ ਕੁਝ ਪ੍ਰਮੁਖ ਪੁਸਤਕਾਂ ਵਿਚ ਰਾਜ ਧਰਮ, ਹਮ ਹਿੰਦੂ ਨਹੀਂ, ਜਨਮ ਸਾਖੀ ਗੁਰੂ ਨਾਨਕ, ਗੁਰਬਿਲਾਸ, ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਸੌ ਸਾਖੀ, ਰਹਿਤਨਾਮਾ, ਸਦ ਪਰਮਾਰਥ, ਗੁਰਚੰਦ ਦਿਵਾਕਰ, ਗੁਰ ਸ਼ਬਦਲੰਕਾਰ, ਰੂਪ ਦੀਪ ਪਿੰਗਲ, ਗੁਰ ਸ਼ਬਦ ਰਤਨਾਕਰ, ਸਿੱਖ ਸਾਹਿਤ ਦਾ ਵਿਸ਼ਵਕੋਸ਼, ਗੁਰਮਤਿ ਮਾਰਤੰਡ ਅਤੇ ਗੁਰਮਤਿ ਪ੍ਰਭਾਕਰ ਸ਼ਾਮਲ ਹਨ।

(ਡਾ. ਸਰਦਾਰ ਰਾਜਾ ਬਲਰਾਜ ਸਿੰਘ, ਕੈਲਗਰੀ)

# ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ

36.ਬੈਂਤ ਛੰਦ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)



1 . ਸ਼ਬਦ ਨਾਲ ਨਿਰੰਕਾਰ, ਆਕਾਰ ਕੀਤੇ
ਇਹਦੇ ਨਾਲ ਹੀ ਰਚਿਆ ਜਹਾਨ ਸਾਡਾ।
ਗੁਪਤ ਨਾਮ ਪ੍ਰਗਟ ਹੋਵੇ ਸ਼ਬਦ ਵਿਚੋਂ,
ਖੰਡਾਂ ਅਤੇ ਬ੍ਰਹਿਮੰਡਾਂ ਦਾ ਗਿਆਨ ਸਾਡਾ।
ਚੰਚਲ  ਮਨ ਦੀ ਭਟਕਣਾ ਮੁੱਕ ਜਾਵੇ,
ਸ਼ਬਦ ਵਿੱਚ ਲੱਗੇ ਕੇਰਾਂ ਧਿਆਨ ਸਾਡਾ।
ਅੰਤਰ-ਆਤਮੇ ਸ਼ਬਦ ਦੀ ਧੁਨ ਗੂੰਜੇ,
ਹੋਵੇ ਬੰਦ ਸਭ ਬਾਹਰੀ ਬਿਖਿਆਨ ਸਾਡਾ।

ਸੋਮਾ ਸ਼ਬਦ ਦਾ ਨੇ ਗੁਰੂ ਗ੍ਰੰਥ ਸਾਹਿਬ
ਇਹੀ ਦੀਨ ਹੈ ਇਹੀ ਈਮਾਨ ਸਾਡਾ।
ਚਰਨੀਂ ਏਸ ਦੇ ਸੀਸ ਝੁਕਾਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

2. ਜਗਤ-ਜਲ਼ਦਾ ਤੱਕਿਆ ਜਦ ਗੁਰੂ ਨਾਨਕ
ਬਾਬਾ ਨਿਕਲਿਆ ਇਹਨੂੰ ਉਧਾਰ ਨੇ ਲਈ।
ਸੋਹਣੇ ਸ਼ਬਦ ਰਚੇ ਪ੍ਰਭੂ-ਪ੍ਰੇਮ ਵਾਲੇ
ਏਸ ਬਾਣ ਨਾਲ ਜ਼ੁਲਮ ਨੂੰ ਮਾਰਨੇ ਲਈ।
ਚਹੁੰ ਦਿਸ਼ਾਵਾਂ ਚ ਕਰੀਆਂ ਉਦਾਸੀਆਂ ਜਾਂ,
ਸੀਨੇ ਤਪਦੇ ਲੁੱਛਦੇ ਠਾਰ ਨੇ ਲਈ।
ਜਿਥੋਂ ਕਿਤੋਂ ਵੀ ਮਿਲੀ ਸੀ ਭਗਤ ਬਾਣੀ,
'ਕੱਠੀ ਕਰੀ ਸੀ ਜਗਤ ਦੇ ਤਾਰ ਨੇ ਲਈ।
ਗੱਦੀ ਦਿੰਦਿਆਂ ਲਹਿਣੇ ਨੂੰ ਦੇ ਪੋਥੀ,
ਕਿਹਾ ਸ਼ਬਦ ਹੈ ਗੁਣਾਂ ਦੀ ਖਾਨ ਸਾਡਾ।
ਚਹੁੰ ਪਾਸੇ ਨੇ ਗੂੰਜ ਦੇ ਬੋਲ ਤਾਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

3. ਨਾਨਕ ਜੋਤ ਦੂਜੀ ਵਾਗ ਸ਼ਬਦ ਵਾਲੀ,
ਅਮਰਦਾਸ ਜੀ ਤਾਈਂ ਸੰਭਾਲ ਦਿੱਤੀ।
ਕਰਨਾ ਸਿੱਖੀ ਦਾ ਸਦਾ ਪ੍ਰਚਾਰ ਰਹਿਣਾ,
ਪੋਥੀ ਸ਼ਬਦ ਵਾਲੀ ਓਹੀ ਨਾਲ ਦਿੱਤੀ।
ਬਾਣੀ ਰਚੀ ਤੀ ਜੇ ਚੌਥੇ ਗੁਰੂ ਸਾਹਿਬ,
ਪੰਜਵੇਂ ਪਾਤਸ਼ਾਹ ਘਾਲਣਾ ਘਾਲ ਦਿੱਤੀ।
ਉਹਨੂੰ ਦੇ ਕੇ ਤਰਤੀਬ ਗ੍ਰੰਥ ਰਚਿਆ
ਇਸ ਸੰਪਾਦਕ ਨੇ ਕਰ ਕਮਾਲ ਦਿੱਤੀ।
ਹਰੀਮੰਦਰ ਵਿੱਚ ਜਦੋ ਪ੍ਰਕਾਸ਼ ਹੋਇਆ,
ਧਰਤ ਮਉਲੀ ਤੇ ਟਹਿਕੇ ਅਸਮਾਨ ਸਾਡਾ।
ਏਸ ਸੂਰਜ ਨੇ ਚਾਨਣ ਖਿਲਾਰਿਆਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

4. ਸਿੱਖਾਂ ਤਾਈਂ ਸੀ ਗੁਰੂ ਗੋਬਿੰਦ ਜੀ ਨੇ,
ਪੜ੍ਹਨ ਲਿਖਣ ਦੀ ਆਦਤ ਬਣਾਈ ਸੋਹਣੀ।
ਸੁਬਹ ਸ਼ਾਮ ਵਿਚਾਰ ਦਰਬਾਰ ਸੋਹੰਦੇ,,
ਬਾਣੀ ਉਹਨਾਂ ਨੂੰ ਯਾਦ ਕਰਾਈ ਸੋਹਣੀ।
ਨੌਂਵੇਂ ਪਾਤਸ਼ਾਹ ਨੇ ਜੋ ਸੀ ਰਚੀ ਬਾਣੀ,
ਆਦਿ ਗ੍ਰੰਥ ਵਿੱਚ ਗੁਰਾਂ ਚੜ੍ਹਾਈ ਸੋਹਣੀ।
ਜੀਹਦੇ ਨਾਲ ਸੰਪੂਰਨ ਗ੍ਰੰਥ ਹੋਇਆ,
ਮਨੀ ਸਿੰਘ ਤੋਂ ਬੀੜ ਲਿਖਵਾਈ ਸੋਹਣੀ।
ਕਿਹਾ ਏਸ ਨੂੰ ਸੀਸ ਨਿਵਾਇ ਕੇ ਤੇ,
"ਸ਼ਬਦ ਗੁਰੂ ਹੀ ਸਦਾ ਪ੍ਰਧਾਨ ਸਾਡਾ"
ਇਹਦੀ ਜੋਤ ਤੋਂ ਜੋਤ ਜਗਾ ਓਸਾਰੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

5. ਏਸ ਗ੍ਰੰਥ ਅੰਦਰ ਬਾਣੀਕਾਰ ਪੈਂਤੀ,
ਐਪਰ ਸਭ ਨੇ ਦਿੱਤਾ ਸੰਦੇਸ਼ ਇੱਕੋ।
ਜਾਤ ,ਧਰਮ ਇਲਾਕੇ ਸਭ ਵੱਖਰੇ ਨੇ,
ਮਿੱਠੇ ਬੋਲ ਜਿਉਂ ਬੋਲੇ ਦਰਵੇਸ਼ ਇੱਕੋ।
ਦੁਆਰ ਸੱਚ ਦੇ ਆਣ ਸਭ ਹੋਏ ਕਠੇ
ਇੱਕ ਮੰਦਰ ਤੇ ਉਹਦਾ ਪ੍ਰਵੇਸ਼ ਇੱਕੋ।
ਇੱਥੇ ਅੱਲ੍ਹਾ ਵੀ ਉਹੀ ਤੇ ਰਾਮ ਓਹੀ,
ਠਾਕੁਰ, ਬੀਠੁਲ, ਖੁਦਾ ਹਮੇਸ਼ ਇੱਕੋ।
ਅਸੀਂ ਇੱਕੋ ਅਕਾਲ ਦੀ ਜੋਤ ਸਾਰੇ,
ਇੱਕੋ ਸ਼ਬਦ ਹੀ ਪੁਰਾਣ ਕੁਰਾਨ ਸਾਡਾ।
ਇਹਨੂੰ ਖੋਜ ਕੇ ਬ੍ਰਹਮ ਨੂੰ ਪਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

6. ਜੀਵਨ ਜਿਊਣ ਦੀ ਜਾਚ ਗ੍ਰੰਥ ਦੱਸੇ,,
ਸੇਵਾ, ਨਿਮਰਤਾ, ਸੂਝ ਸਿਖਾਏ ਸਾਨੂੰ।
ਕਰਮ ਕਾਂਡ ਪਾਖੰਡ ਤੋਂ ਕਰ ਉੱਚਾ,
ਇੱਕੋ ਨੂਰ ਦੇ ਪ੍ਰੇਮੀ ਬਣਾਏ ਸਾਨੂੰ।
ਦਿਲ ਚੋਂ ਮੈਲ ਵਿਕਾਰਾਂ ਦੀ ਕੱਢਕੇ ਤੇ,
ਕੁੰਦਨ ਵਾਂਗਰਾਂ ਪਿਆ ਲਿਸ਼ਕਾਏ ਸਾਨੂੰ।
ਝੂਠੇ ਜੱਗ ਦੇ ਨਸ਼ੇ ਤਿਆਗ ਕੇ ਤੇ,
ਲੜਨਾ ਮਦਾ ਇੱਕੋ ਫੜਾਏ ਸਾਨੂੰ।
ਹੁਕਮਨਾਮੇ ਤੋਂ ਦਿਨ ਆਰੰਭ ਹੋਵੇ,
ਪੂਰਾ ਹੋਏ ਹਰ ਦਿਲੀ ਅਰਮਾਨ ਸਾਡਾ।
ਦੇਹ ਧਾਰੀਆਂ ਨੂੰ ਮੱਥਾ ਟੇਕਣਾ ਨਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

7.ਸਿਦਕ ਧਾਰ ਕੇ ਗ੍ਰੰਥ ਨੂੰ ਪੜ੍ਹੇ ਜਿਹੜਾ,
ਰੱਬੀ ਧੁਨ ਉਹਦੇ ਦਿਲ ਵਿੱਚ ਵੱਜਦੀ ਏ।
ਸੁਰਤ ਜਾਏ ਖਿੱਚੀ ਨੈਣ ਬੰਦ ਹੋਵਣ,
ਮਾੜੀ ਬਿਰਤੀ ਫਿਰ ਆਪ ਹੀ ਭੱਜਦੀ ਏ।
ਮਿੱਠੀ ਜਿਹੀਆ ਨੰਦ ਦੀ ਹੋਏ ਬਾਰਸ਼,
ਪਿਆਸੀ ਜੁੱਗਾਂ ਦੀ ਰੂਹ ਹੁਣ ਰੱਜਦੀ ਏ।
ਸਹਿਜ ਵਿਚ ਵਿਸਮਾਦ ਦੀ ਬਣੀ ਚਾਦਰ,
ਪਾਪ- ਕਰਮ ਲੱਖਾਂ ਸਾਡੇ ਕੱਜਦੀ ਏ।
ਬਚਨ ਗੁਰਾਂ ਦੇ ਜਦੋਂ ਕਮਾਣ ਲੱਗੇ,
ਉਹਦੇ ਘਰ ਵਿਚ ਨਾਂ ਪ੍ਰਵਾਨ ਸਾਡਾ।
ਇਹਦੇ ਬਿਨਾਂ ਨਾ ਪਲ ਵੀ ਜੀਅ ਸਕੀਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

8 .ਸ਼ਬਦ ਆਖਦਾ ਸੱਚ ਨੂੰ ਜਾਣ ਪਹਿਲਾਂ,
ਜੀਵਨ ਵਿਚ ਬਣਾ ਲੈ ਆਚਾਰ ਸੱਚਾ।
ਝੂਠੇ ਡਰ ਨੇ ਦਿਲੋਂ ਕਾਫ਼ੂਰ ਹੁੰਦੇ,
ਅੰਦਰ ਵੱਸ ਜਾਏ ਜਦੋਂ ਕਰਤਾਰ ਸੱਚਾ।
ਕਿਸੇ ਰਾਜ ਤੇ ਮੁਕਤੀ ਦੀ ਲੋੜ ਨਾ ਹੀ,
ਕਰਨਾ ਮਾਹੀ ਨਾਲ ਇਕੋ ਪਿਆਰ ਸੱਚਾ।
ਉਹਦੇ ਰੰਗ ਵਿੱਚ ਰੰਗਿਆ ਜਾਏ ਜੇਕਰ,
ਕੋਟ ਜਨਮ ਫਿਰ ਦਿੰਦਾ ਸਵਾਰ ਸੱਚਾ।
ਆਓ ਨਾਮ ਦੇ ਬੀਜੀਏ ਬੀਜ ਸਾਰੇ,
ਫੇਰ ਹੋਵੇਗਾ ਹਰ ਇੱਕ ਮੈਦਾਨ ਸਾਡਾ।
ਸਦਾ ਬਖਸ਼ਿਸ਼ਾਂ ਕਰਦਾਏ, ਕਰੇਗਾਵੀ,
ਗ੍ਰੰਥ ਗੁਰੂ ਹੈ ਗੁਰੂ ਮਹਾਨ ਸਾਡਾ।

9.ਗੁਰੂ ਬਣ ਕੇ ਉਦੋਂ ਤੋਂ ਅੱਜ ਤੀਕਰ,
ਇਹਨੇ ਕੀਤੀ ਹੈ ਰਹਿਨੁਮਾਈ ਸਾਡੀ।
ਸਦਾ ਕਿਰਤ ਕਰੀਏ ਕੁਝ ਵੰਡੀਏ ਵੀ,
ਹੋਈ ਜੱਗ ਵਿੱਚ ਖ਼ੂਬ ਵਡਿਆਈ ਸਾਡੀ।
ਸਾਦਾ ਰਹਿ ਕੇ ਹੋਰਾਂ ਦੇ ਕੰਮ ਆਉਣਾ,
ਸਤਿਗੁਰ ਬਚਨ ਦੀ ਇਹੋ ਕਮਾਈ ਸਾਡੀ।
ਬਾਣੀ ਧੁਰੋਂ ਅਕਾਲ ਨੇ ਆਪ ਭੇਜੀ,
ਚਿੰਤਾ ਜੜ੍ਹ ਤੋਂ ਇਸ ਨੇ ਮਿਟਾਈ ਸਾਡੀ।
ਸਦਾ ਮੰਗੀਏ ਭਲਾ ਸਰਬੱਤ ਵਾਲਾ,
ਤਦੇ ਹੌਂਸਲਾ ਬੜਾਬਲਵਾਨ ਸਾਡਾ।
ਰੋਮਰੋਮ ਤੋਂ ਇੱਕੋ ਪੁਕਾਰ ਉਠੇ,
ਗੁਰੂ ਗ੍ਰੰਥਹੈ ਗੁਰੂ ਮਹਾਨ ਸਾਡਾ।

10.ਜਿੱਥੇ ਜਿੱਥੇ ਵੀ ਹੋਵੇ ਪ੍ਰਕਾਸ਼ ਇਹਦਾ,
ਲੱਗਦੀ ਸ਼ਬਦ ਦੀ ਸਦਾ ਬਹਾਰ ਉੱਥੇ।
ਓਥੇ ਕਰਤੇ ਦੀ ਸਿਫਤ ਸਲਾਹ ਹੁੰਦੀ,
ਸੋਹਣੇ ਸਾਜਾਂ ਦੀ ਰਹੇ ਟੁਣਕਾਰ ਉੱਥੇ।
ਲੰਗਰ ਸਦਾ ਲਈ ਉੱਥੇ ਅਟੁੱਟ ਚੱਲਣ,
ਹਰ ਇੱਕ ਆਏ ਨੂੰ ਮਿਲੇ ਸਤਿਕਾਰ ਉੱਥੇ।
ਲੋੜਵੰਦ ਦੀ ਲੋੜ ਹਰ ਹੋਏ ਪੂਰੀ,
ਕਾਇਮ ਗੁਰੂ ਦੇ ਦੱਸੇ ਮਿਆਰ ਉੱਥੇ।
ਜਿੱਥੇ ਗ੍ਰੰਥ ਹੈ ਦੇਸ਼ ਵਿਦੇਸ਼ ਅੰਦਰ,
ਝੂਲੇ ਕੇਸਰੀ ਉੱਥੇ ਨਿਸ਼ਾਨ ਸਾਡਾ।
ਮਾਣ ਨਾਲ"ਰੁਪਾਲ" ਤੂੰ ਆਖ ਉੱਚੀ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

## ਮਾਂ ਬੋਲੀ ਪੰਜਾਬੀ ਸਾਡੀ ਸ਼ਾਨ

ਸਰਦਾਰਨੀ ਸੁਰਜੀਤ ਕੌਰ ਸਾਂਗ, ਨਵੀਂ ਦਿੱਲੀ (ਭਾਰਤ)



ਮਾਂ ਬੋਲੀ ਪੰਜਾਬੀ ਸਾਡੀ ਜਾਨ
ਅਨਮੋਲ ਹੈ ਮਾਂ ਬੋਲੀ ਪੰਜਾਬੀ
ਸਭ ਬੋਲੀਆਂ ਤੋਂ ਉੱਤਮ ਬੋਲੀ
ਇਕ ਪਾਸੇ ਸ਼ਾਹ ਬੋਲੀ
ਦੂਜੇ ਪਾਸੇ ਗੁਰਮੁਖੀ ਵਿਚ ਪੰਜਾਬੀ
ਲਹਿੰਦੇ, ਚੜ੍ਹਦੇ ਪੰਜਾਬ 'ਚ ਬੋਲੀ ਜਾਂਦੀ
ਸਾਡੀ ਮਾਂ ਬੋਲੀ ਪੰਜਾਬੀ।

ਸਾਡੇ ਗੁਰੂਆਂ ਸਾਨੂੰ ਸੌਂਪੀ ਪੰਜਾਬੀ
ਮਾਖਿਓ ਮਿੱਠੀ ਪੰਜਾਬੀ ਮਾਂ ਬੋਲੀ
ਮਾਂ ਬੋਲੀ ਪੰਜਾਬੀ ਦੀ ਸ਼ਾਨ ਨਵਾਬੀ
ਇਸ ਵਰਗੀ ਕੋਈ ਹੋਰ ਨਾ ਬੋਲੀ
ਦੇਸ਼ ਵਿਦੇਸ਼ਾਂ 'ਚ ਸਨਮਾਨਿਤ ਮਾਂ ਬੋਲੀ
ਬੁਲ੍ਹੇ ਸ਼ਾਹ, ਵਾਰਿਸ ਬੋਲ ਗਏ ਜੋ ਬੋਲ
ਗੁਰੂਆਂ ਦੀ ਬਾਣੀ ਵੀ ਹੈ ਵਿਚ ਪੰਜਾਬੀ।

ਦਿਲ ਦੇ ਜਜਬਾਤਾਂ ਨੂੰ ਲਿਖਾਂ ਪੰਜਾਬੀ ਵਿਚ
ਦੁਨੀਆਂ ਵਿਚ ਇਸ ਦਾ ਹੈ ਦਸਵਾਂ ਸਥਾਨ
ਪੰਜਾਬੀ ਭਾਸ਼ਾ ਦਾ ਮਤਲਬ ਪੰਜਾਬ
ਅਜ ਮਾਂ ਬੋਲੀ ਪੰਜਾਬੀ ਨੂੰ ਹਰ ਕੋਈ ਸਮਝੇ
ਸਕੂਲਾਂ ਵਿਚ ਤੀਜੀ ਭਾਸ਼ਾ ਹੈ ਪੰਜਾਬੀ
ਮੈਨੂੰ ਮਾਂ ਬੋਲੀ ਪੰਜਾਬੀ ਤੇ ਹੈ ਮਾਣ
ਮੈਂ ਮਾਂ ਬੋਲੀ ਪੰਜਾਬੀ ਵਿਚ ਲਿਖਦੀ ਹਾਂ।

## ਪੰਜਾਬੀ ਵਿਆਕਰਣ ਦੇ ਕੁਝ ਨਿਯਮ

















ਹ
18
'ਹ' ਤੋਂ ਪਹਿਲਾਂ ਦੁਲਾਵਾਂ ਦੀ ਅਵਾਜ਼ ਵੇਲ਼ੇ 'ਹ' ਨਾਲ਼ ਸਿਹਾਰੀ ਲੱਗਦੀ ਹੈ
ਸ਼ੈਹਰ → ਸ਼ਹਿਰ
ਪੈਹਲਾ → ਪਹਿਲਾ
ਲੈਹਰ → ਲਹਿਰ
ਕੈਹਣਾ → ਕਹਿਣਾ
ਗੈਹਣਾ → ਗਹਿਣਾ
ਕੈਹਰ → ਕਹਿਰ
ਆਮ ਕਰਕੇ ਇਹ ਨਿਯਮ ਦੋ ਅੱਖਰਾਂ ਵਾਲ਼ੇ ਸ਼ਬਦਾਂ, ਖਾਸ ਨਾਂਵ ਅਤੇ ਕੁਝ ਪ੍ਰਚੱਲਿਤ ਸ਼ਬਦਾਂ ਤੇ ਲਾਗੂ ਨਹੀਂ ਹੁੰਦਾ।


ਹ
19
'ਹ' ਤੋਂ ਪਹਿਲਾਂ 'ਹੋੜੇ' ਦੀ ਅਵਾਜ਼ ਵੇਲ਼ੇ 'ਹ' ਨਾਲ਼ ਔਂਕੜ ਲੱਗਦਾ ਹੈ -
ਮੋਹਰ → ਮੁਹਰ
ਮੋਹਲਤ → ਮੁਹਲਤ
ਸ਼ੋਹਰਤ → ਸ਼ੁਹਰਤ
'ਹ' ਤੋਂ ਪਹਿਲਾਂ 'ਕਨੌੜੇ' ਦੀ ਅਵਾਜ ਵੇਲ਼ੇ 'ਹ' ਦੇ ਨਾਲ਼ ਔਂਕੜ ਲੱਗਦਾ ਹੈ -
ਨੌਂਹ → ਨਹੁੰ
ਬੌਹਤ → ਬਹੁਤ
ਵੌਹਟੀ → ਵਹੁਟੀ



20
ਜੇਕਰ 'ਹ' ਤੋਂ ਪਹਿਲੇ ਅੱਖਰ ਤੇ ਲਾਂ ਦੀ ਅਵਾਜ਼ ਆਵੇ ਤਾਂ ਲਾਂ ਕੱਟ ਕੇ ਲਾਂ ਦੀ ਥਾਂ ਸਿਹਾਰੀ ਲੱਗਦੀ ਹੈ-
ਕੇਹੜਾ → ਕਿਹੜਾ
ਕੇਹਰ → ਕਿਹਰ
ਸੇਹਰਾ → ਸਿਹਰਾ
ਮੇਹਰ → ਮਿਹਰ
ਹ


ਹ ੍ਹ
23
ਕੁਝ ਪੰਜਾਬੀ ਅੱਖਰਾਂ ਦੇ ਅੰਤ ਤੇ 'ਹ' ਦੀ ਅਵਾਜ ਥੋੜ੍ਹੀ ਮੱਧਮ ਆਵੇ, ਉਹਨਾਂ ਦੇ ਪੈਰੀਂ ੍ਹ ਲੱਗਦਾ ਹੈ- ਚੁੱਲ੍ਹਾ, ਜਮ੍ਹਾਂ, ਜਗ੍ਹਾ, ਮੱਲੜ੍ਹ, ਪੜ੍ਹ, ਖੜ੍ਹ, ਖੋਲ੍ਹ, ਸੰਨ੍ਹ, ਨਿੰਮ੍ਹੀ, ਗੜ੍ਹ, ਯਮਲ੍ਹਾ, ਚੜ੍ਹਨਾ, ਰਿੰਨ੍ਹ,
ਕਈ ਸ਼ਬਦਾਂ ਵਿੱਚ ਪੈਰੀਂ 'ਹ' ੍ਹ ਲਿਖਣਾ ਅਸ਼ੁੱਧ ਹੈ-
ਜੇੜ੍ਹਾ, ਕੇੜ੍ਹਾ, ਵੇੜ੍ਹਾ, ਮੇਣ੍ਹਾ,


ਅਨੁਨਾਸਿਕ
ਙ ਞ ਣ ਨ ਮ
ਅਨੁਨਾਸਿਕ ਅੱਖਰ ਜਦ
ਕਿਸੇ ਲੰਮੀ ਲਗ ਦੇ ਪਿੱਛੇ
ਆਵੇ ਤਾਂ ਆਮ ਤੌਰ ਤੇ
ਬਿੰਦੀ - ਟਿੱਪੀ ਨਹੀਂ ਲੱਗਦੀ-
ਖਾਣ, ਪੀਣ, ਪਾਨ,
ਸੋਣਾ, ਝੋਨਾ ............
ਇਨਾਮ, ਨਾਮ,
ਮਾਮੀ, ਕੌਮ, ਮੇਮ


ਅਨੁਨਾਸਿਕ
ਅਨੁਨਾਸਿਕ ਅੱਖਰਾਂ ਤੋਂ
ਪਹਿਲਾਂ ਅੱਧਕ ਦੀ ਅਵਾਜ਼
ਵੇਲ਼ੇ ਅੱਧਕ ਦੀ ਥਾਂ ਟਿੱਪੀ
ਵੀ ਵਰਤੀ ਜਾਂਦੀ ਹੈ-
ਕੰਮ, ਨਿੰਮ, ਜਿੰਨ,
ਕਿੰਨਾ, ਜਿੰਨ੍ਹਾਂ ......
ਸੰਬੋਧਨ ਕਰਨ ਸਮੇਂ
ਸ਼ਬਦ ਦੇ ਅਖੀਰ 'ਤੇ
ਨ ਨਾਲ਼ ਬਿੰਦੀ
(ਇੱਕ ਵਚਨ) ਨਹੀ ਲੱਗਦੀ....
ਓਏ ਜਵਾਨਾ, ਓਏ ਜ਼ਾਲਮਾ!
(ਬਹੁ-ਵਚਨ) - ਜਵਾਨਾਂ ਨੇ, ਜ਼ਾਲਮਾਂ ਨੇ।


ਲਗਾਖਰ
ਬਿੰਦੀ : ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ
ਮੁਕਤਾ ਕੇਵਲ ੳ ਨਾਲ਼
ਟਿੱਪੀ : ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ
ਅੱਧਕ
ਸ਼ਬਦ ਵਿੱਚੋਂ ਅੱਖਰ ਦੀ ਦੂਹਰੀ ਅਵਾਜ਼
ਕੁਝ ਅੰਗਰੇਜ਼ੀ ਸ਼ਬਦਾਂ ਤੇ ਦੁਲਾਵਾਂ ਨਾਲ਼


ਨ - ਣ
ਆਮ ਤੌਰ 'ਤੇ ਭਾਵਾਰਥ
ਕਿਰਿਆ ਦੇ ਨਾਲ਼ ਣ ਲੱਗਦਾ
ਹੈ - ਖਾਣਾ, ਪੀਣਾ, ਹੱਸਣਾ,
ਰੋਣਾ, ਗਾਉਣਾ ............
ਜਦੋਂ ਧਾਤੂ ਦੇ ਅੰਦਰ
ਰ, ੜ, ਣ ਆਵੇ ਤਾਂ
ਭਾਵਾਰਥ ਕਿਰਿਆ ਨਾਲ਼
ਨਾ ਆਉਂਦਾ ਹੈ।
ਕਰਨਾ, ਮੜ੍ਹਨ, ਖੜ੍ਹਨਾ...
ਹੋਰ ਸ਼ਬਦਾਂ ਵਿੱਚ ਛਹੁਕਵੀ ਅਵਾਜ਼
ਵੇਲ਼ੇ ਣ ਅਤੇ ਬੱਝਵੀਂ ਅਵਾਜ਼ ਵੇਲੇ
ਨ ਲੱਗਦਾ ਹੈ - ਭੈਣ, ਪਾਣੀ,
ਬੀਨ, ਗਿਆਨੀ ......

# ਇਹ ਦੁਨੀਆਂ ਬੜੀ ਕਮਾਲ ... ਜੋਗੀਆ!

ਸਰਦਾਰ ਗੁਰਚਰਨ ਸਿੰਘ 'ਜੋਗੀ



ਇਹ ਦੁਨੀਆਂ ਬੜੀ ਕਮਾਲ ਜੋਗੀਆ
ਦੁਨੀਆਂ ਬੜੀ ਕਮਾਲ।
ਚਾਨਣ ਖੋਹ ਕੇ ਦੇਵੇ ਨ੍ਹੇਰਾ ,
ਰਤਾ ਨਾ ਕਰੇ ਮਲਾਲ ।
ਜੋਗੀਆ! ਦੁਨੀਆਂ ਬੜੀ ਕਮਾਲ।

ਲੋੜ ਪਵੇ ਤਾਂ ਸਿਰ 'ਤੇ ਚੁੱਕਦੀ,
ਸੱਚ ਦੇ ਨੇੜੇ ਕਦੇ ਨਾ ਢੁੱਕਦੀ,
ਡਾਹਢੇ ਅੱਗੇ ਨਿੱਤ ਹੀ ਝੁੱਕਦੀ ,
ਸਾਊ ਕਰੇ ਹਲਾਲ।
ਜੋਗੀਆ! ਦੁਨੀਆਂ ਬੜੀ ਕਮਾਲ।

ਗੱਲਾਂ ਦੀ ਥਾਂ ਮਾਰੇ ਚੀਕਾਂ,
ਮਤਲਬ ਵੇਲੇ ਕਰੇ ਉਡੀਕਾਂ,
ਮੁਸ਼ਕਿਲ ਵੇਲੇ ਕੱਢੇ ਲੀਕਾਂ ,
ਮਗਰੋਂ ਕੱਢੇ ਗ਼ਾਲ੍ਹ।
ਜੋਗੀਆ! ਦੁਨੀਆਂ ਬੜੀ ਕਮਾਲ।

ਛੁਰੀ ਚਲਾਵੇ ਹੌਲੀ ਹੌਲੀ,
ਕੰਡੇ ਹੀ ਇਹ ਪਾਵੇ ਝੋਲੀ,
ਉਪਰੋਂ-ਉਪਰੋਂ ਬਣਦੀ ਭੋਲੀ ,
ਅੰਦਰੋਂ ਖੇਡੇ ਚਾਲ।ਜੋਗੀਆ!
ਦੁਨੀਆਂ ਬੜੀ ਕਮਾਲ।

ਕੁਝ ਕੁ ਚੰਗੇ, ਬਾਕੀ ਮੰਦੇ,
ਕਰਦੀ ਐਸੇ ਗੋਰਖ ਧੰਦੇ,
ਫਸ ਹੀ ਜਾਂਦੇ ਸਾਊ ਬੰਦੇ,
ਐਸੇ ਪਾਉਂਦੀ ਜਾਲ।
ਜੋਗੀਆ! ਦੁਨੀਆਂ ਬੜੀ ਕਮਾਲ।

ਬਾਕੀਆਂ ਨੂੰ ਇਹ ਸਮਝੇ ਝੱਲੇ,
ਖੋਹ ਲਵੇ ਜੋ ਕੁਝ ਵੀ ਪੱਲੇ
ਆਪੇ ਦੇਵੇ ਜ਼ਖ਼ਮ ਅਵੱਲੇ,
ਆਪੇ ਪੁੱਛਦੀ ਹਾਲ।
'ਜੋਗੀਆ'! ਦੁਨੀਆਂ ਬੜੀ ਕਮਾਲ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਵਿਸ਼ਵ-ਪ੍ਰਸਿੱਧ ਹਨ। ਵਿਸ਼ਵ ਪੰਜਾਬੀ ਕਵੀ ਸਭਾ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਹਨ। ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ, ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਵਾਰ, ਅਤੇਂ 'ਭਾਈ ਵੀਰ ਸਿੰਘ ਜੀ' ਅਵਾਰਡ ਮਿਲੇ। (gurdish.grewal@gmail.com)

**ਡਾ. ਸਰਦਾਰ ਕਾਬਲ ਸਿੰਘ,** ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਿਆ। (singhkabal285@gmail.com)

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**ਸਰਦਾਰਨੀ ਸੁਰਜੀਤ ਕੌਰ** ਸਾਰੰਗ, ਬੀ.ਏ., ਬੀ.ਐਡ. ਕਰ ਕੇ ਅਧਿਆਪਕਾ ਰਹੇ ਅਤੇ ਰਿਟਾਇਰ ਹੋਏ ਹਨ।ਕਿਤਾਬਾਂ ਰੂਹ ਤੋਂ ਰੂਹ ਤੱਕ, ਪਵਿੱਤਰ ਰੂਹਾਂ , ਕਾਫ਼ੀ ਕਾਵਿ ਸੰਗ੍ਰਹਿ ਲਿਖੀਆਂ ਹਨ।

ਸਰਦਾਰ ਉਂਕਾਰ ਸਿੰਘ ਟਿਵਾਣਾ ਨੇ ਐਮ. ਟੈਕ. / ਐਮ.ਈ. ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਮਕੈਨੀਕਲ (ਪ੍ਰੋਡਕਸ਼ਨ) ਇੰਜੀਨੀਅਰਿੰਗ ਵਿੱਚ ਕੀਤੀ। ਕੁਝ ਸਾਲ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਨ ਤੋਂ ਬਾਅਦ ਉਹ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਦਾਖਲ ਹੋਏ। ਉਹ ਮਾਲਵਾ ਕਾਲਜ, ਫਰੀਦਕੋਟ ਵਿਖੇ ਮਕੈਨੀਕਲ ਅਤੇ ਆਟੋਮੋਬਾਈਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਸਨ। ਹੁਣ ਉਹ ਬਰੈਂਡਫੋਰਡ (ਓਨਟਾਰੀਓ) ਵਿਖੇ ਹਨ।

**ਸਰਦਾਰ ਗੁਰਭਜਨ** ਸਿੰਘ ਗਿੱਲ ਸ਼੍ਰੋਮਣੀ ਕਵੀ, ਟਿੱਪਣੀਕਾਰ, ਵਿਗਿਆਨ ਸਾਹਿਤ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿਚ ਸਰਗਰਮ ਹਨ। ਪਾਕਿਸਤਾਨ ਵਿੱਚ ਤਿੰਨ ਪੁਸਤਕਾਂ (ਰਾਵੀ, ਖੈਰ ਪੰਜਾਂ ਪਾਣੀਆਂ ਦੀ ਅਤੇ ਸੁਰ ਤਾਲ) ਸ਼ਾਹਮੁਖੀ ਵਿਚ ਛਾਪੀਆਂ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਰਹੇ। ਪੀ. ਏ. ਯੂ ਲੁਧਿਆਣਾ ਵਿੱਚ ਮਾਸਿਕ “ਚੰਗੀ ਖੇਤੀ” ਦੇ ਸੀਨੀਅਰ ਸੰਪਾਦਕ ਰਹੇ। ਸੇਵਾਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਡਾਇਰੈਕਟਰ ਯੋਜਨਾ ਤੇ ਵਿਕਾਸ ਰਹੇ। ਹੁਣ “ਲੋਕ ਵਿਰਾਸਤ ਅਕੈਡਮੀ” ਦੇ ਚੇਅਰਮੈਨ ਹਨ।

**Dr Sardar Sukhmander Singh,** is B.Sc. Engg. (Thapar College, Patiala), Master's in Civil Engg. from IIT, Delhi and Ph.D. from University of California at Berkeley (USA). He worked as a Project Engineer and Consultant (at San Francisco) and is Professor of Civil, Environmental and Sustainable Engineering at Santa Clara University (California) and is the **First Sikh Endowed Professor.** He worked with the Trans-Alaska Pipeline and the San Pablo Clearwell Dam, has been teaching in SCU for 36 years and is Visiting Professor at Cambridge University, UK. Got Lifetime Achievement Award from American Society of Civil Engineering. He wrote a book, **"***Walking with the Sikhs of Today"*, and is President of The Sikh Council of North America.

**ਸਰਦਾਰ ਗੁਰਚਰਨ ਸਿੰਘ 'ਜੋਗੀ', ਐਮ.ਏ., ਐਮ. ਫਿਲ., ਬੀ. ਐਡ. ਕਰ ਕੇ ਹਰਿਆਣੇ ਦੇ ਸਕੂਲ ਵਿੱਚ ਬਤੌਰ ਮੁਖੀ ਸੇਵਾਵਾਂ ਨਿਭਾ ਰਹੇ ਹਨ। ਟੀ ਵੀ ਅਤੇ ਰੇਡੀਓ ਤੋਂ ਪ੍ਰਸਾਰਣ ਕਰਨ ਦਾ ਸ਼ੋਕ ਹੈ। ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵਿਚ ਰਚਨਾਵਾਂ ਛਪੀਆਂ। ਪੰਜਾਬ, ਹਰਿਆਣਾ, ਦਿੱਲੀ, ਚੰਡੀਗੜ੍ਹ, ਹਿਮਾਚਲ ਅਤੇ ਉੱਤਰ ਪ੍ਰਦੇਸ਼ ਦੇ ਕਵੀ ਦਰਬਾਰਾਂ ਵਿਚ ਸ਼ਿਰਕਤ ਕੀਤੀ। ਗ਼ਜ਼ਲ ਲੇਖਨ ਦਾ ਸਿਲਸਿਲਾ ਜਾਰੀ ਹੈ।**

**ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਗੁਰਮਤ ਗਿਆਨ ਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ।** (http://www.mypanorama.ca.)

**ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪ ਚੁਕੇ ਹਨ।'ਗੁਰਮਤਿ ਪ੍ਰਕਾਸ਼', 'ਗੁਰਮਤਿ ਗਿਆਨ', 'ਸਿੱਖ ਫ਼ੁਲਵਾੜੀ', ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ 'ਸਾਡਾ ਵਿਰਸਾ ਸਾਡਾ ਗੌਰਵ' ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਅਕਕਲ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ।** E-mail : ksnoor50@gmail.com.

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨਾਲ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ **Times New Roman** (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦੇਣ। ਚਾਹੋ ਤਾਂ ਫੋਟੋ ਵੀ ਭੇਜ ਸਕਦੇ ਹੋ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਵੇ।
8. ਲੰਬੇ ਲੇਖ ***sanjhivrasat.org*** ਦੇ 'ਬਲੌਗ' (Blog) ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ : ਦੇਖਣਾ ਕਿ '***Copyright Infringement***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿੱਤਾ ਗਿਆ ਹੋਵੇ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** :To Promote Punjabi Culture, History and Heritage. (Secular, Non-Political, Non-Personal Articles /Poems, after Review).
2. **Editorial Board** : Will not be responsible for views of Authors / Poets.
3. **Font size 14** : Panjabi-'AnmolLipi' (English – 'Times New Roman')
4. **Spacing, margin** : Line-to-line 1.0, Margins One Inch on all four sides.
5. **Format -WORD : No** PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website ***(sanjhivirasat.org)*** or serialized.
9. **Copy-Right** (CR) : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਸਰਦਾਰਨੀ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸਰਦਾਰ ਰਣਸ਼ੇਰ ਰਾਜ ਸਿੰਘ | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ
(Editorial Board)



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)